# ਕੈਨੇਡਾ ਪੰਜਾਬ ਲਿੰਕ

WEEKLY NEWSPAPER VOL. : 11 ISSUE : 30 SATURDAY, 29 JULY, 2023

www.punjablinkpaper.com 604-503-5465



MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan

SATNAM SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St., Vancouver



Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ

ਜਸਵੀਰ ਗਰੇਵਾਲ
778.317.6262
jasvirgrewal0596@gmail.com


## ਪ੍ਰਸਿੱਧ ਲੋਕ ਗਾਇਕ ਤੇ ਅਦਾਕਾਰ ਸੁਰਿੰਦਰ ਛਿੰਦਾ ਦਾ ਸਦੀਵੀ ਵਿਛੋੜਾ



ਲੁਧਿਆਣਾ–'ਪੁੱਤ ਜੱਟਾਂ ਦੇ', 'ਜੱਟ ਜਿਉਣਾ ਮੌੜ' ਅਤੇ 'ਯਾਰਾਂ ਦਾ ਟਰੱਕ ਬੱਲੀਏ' ਜਿਹੇ ਯਾਦਗਾਰ ਗੀਤਾਂ ਲਈ ਜਾਣੇ ਜਾਂਦੇ ਪੰਜਾਬੀ ਲੋਕ ਗਾਇਕ ਸੁਰਿੰਦਰ ਛਿੰਦਾ ਦਾ ਲੰਮੀ ਬਿਮਾਰੀ ਤੋਂ ਬਾਅਦ ਸਵੇਰੇ ਇਥੋਂ ਦੇ ਡੀਐੱਮਸੀ ਹਸਪਤਾਲ 'ਚ ਦੇਹਾਂਤ ਹੋ ਗਿਆ। ਉਨ੍ਹਾਂ ਦੇ ਲੜਕੇ ਮਨਿੰਦਰ ਛਿੰਦਾ ਨੇ ਦੱਸਿਆ ਕਿ ਦੂਜੇ ਭਰਾ ਸਿਮਰਨ ਦੇ ਇੰਗਲੈਂਡ ਤੋਂ ਪਰਤਣ ਮਗਰੋਂ ਪਿਤਾ ਦਾ ਅੰਤਿਮ ਸੰਸਕਾਰ ਕੀਤਾ ਜਾਵੇਗਾ। 20 ਮਈ, 1953 ਵਿੱਚ ਜਨਮੇ ਛਿੰਦਾ ਨੇ ਕੁੱਝ ਦਿਨ ਪਹਿਲਾਂ ਫੂਡ ਪਾਈਪ ਦਾ ਆਪਰੇਸ਼ਨ ਕਰਵਾਇਆ ਸੀ, ਜਿਸ ਮਗਰੋਂ ਢਿੱਡ 'ਚ ਇਨਫੈਕਸ਼ਨ ਵਧਣ 'ਤੇ ਉਨ੍ਹਾਂ ਨੂੰ ਸਾਹ ਲੈਣ 'ਚ ਪ੍ਰੇਸ਼ਾਨੀ ਹੋਣ ਲੱਗ ਪਈ ਸੀ। ਉਨ੍ਹਾਂ ਨੂੰ ਦੀਪ ਹਸਪਤਾਲ ਦਾਖਲ ਕਰਵਾਇਆ ਗਿਆ ਸੀ। ਬਾਅਦ 'ਚ ਸਿਹਤ ਵਿਗੜਦੀ ਦੇਖ ਕੇ ਉਨ੍ਹਾਂ ਨੂੰ ਡੀਐੱਮਸੀ ਹਸਪਤਾਲ ਰੈਫ਼ਰ ਕਰ ਦਿੱਤਾ ਗਿਆ ਸੀ ਜਿੱਥੇ ਬੁੱਧਵਾਰ ਨੂੰ ਉਨ੍ਹਾਂ ਦਾ ਦੇਹਾਂਤ ਹੋ ਗਿਆ। ਉਨ੍ਹਾਂ ਦੇ ਪਰਿਵਾਰ 'ਚ ਪਤਨੀ ਜੋਗਿੰਦਰ ਕੌਰ, ਬੇਟੇ ਮਨਿੰਦਰ ਛਿੰਦਾ ਅਤੇ ਸਿਮਰਨ ਛਿੰਦਾ ਹਨ। ਜਿਵੇਂ ਹੀ ਸੁਰਿੰਦਰ ਛਿੰਦਾ ਦੇ ਦੇਹਾਂਤ ਦੀ ਖ਼ਬਰ ਫੈਲੀ ਤਾਂ ਪੰਜਾਬੀ ਗਾਇਕੀ ਤੇ ਫਿਲਮ ਇੰਡਸਟਰੀ ਦੇ ਨਾਲ ਨਾਲ ਉਨ੍ਹਾਂ ਦੇ ਚਾਹੁਣ ਵਾਲਿਆਂ 'ਚ ਸੋਗ ਦੀ ਲਹਿਰ ਦੌੜ ਗਈ। ਉਨ੍ਹਾਂ ਆਪਣੇ ਕਰੀਅਰ ਦੌਰਾਨ ਕਈ ਮਕਬੂਲ ਫਿਲਮਾਂ ਵਿੱਚ ਆਪਣੀ ਅਦਾਕਾਰੀ ਦੇ ਜਲਵੇ ਵੀ ਦਿਖਾਏ ਸਨ ਜਿਨ੍ਹਾਂ 'ਚ 'ਪੁੱਤ ਜੱਟਾਂ ਦੇ', 'ਉੱਚਾ ਦਰ ਬਾਬੇ ਨਾਨਕ ਦਾ' ਅਤੇ 'ਬਦਲਾ ਜੱਟੀ ਦਾ' ਸ਼ਾਮਲ ਹਨ। ਸੁਰਿੰਦਰ ਛਿੰਦਾ ਦੇ ਦੇਹਾਂਤ ਮਗਰੋਂ ਉਨ੍ਹਾਂ ਦੇ ਘਰ ਅਫ਼ਸੋਸ ਪ੍ਰਗਟ ਕਰਨ ਵਾਲਿਆਂ ਦਾ ਤਾਂਤਾ ਲੱਗ ਗਿਆ।

# ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਮੰਤਰੀ ਮੰਡਲ ਵਿਚ ਕੀਤੀ ਵੱਡੀ ਫੇਰਬਦਲ

## 7 ਨਵੇਂ ਮੰਤਰੀ ਲਏ ਅਤੇ 23 ਮੰਤਰੀਆਂ ਦੇ ਮਹਿਕਮੇ ਕੀਤੇ ਤਬਦੀਲ

ਸਰੀ (ਹਰਦਮ ਮਾਨ)–ਬੁੱਧਵਾਰ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਪਣੀ ਕੈਬਨਿਟ ਵਿਚ ਵੱਡੀ ਫੇਰਬਦਲ ਕਰਦਿਆਂ 7 ਨਵੇਂ ਚਿਹਰੇ ਲਏ ਹਨ ਅਤੇ 23 ਮੰਤਰੀਆਂ ਦੇ ਮਹਿਕਮੇ ਤਬਦੀਲ ਕੀਤੇ ਗਏ ਹਨ ਅਤੇ 7 ਮੰਤਰੀਆਂ ਦੀ ਛੁੱਟੀ ਕਰ ਦਿੱਤੀ ਹੈ। ਹੁਣ ਕੁੱਲ 38 ਮੈਂਬਰੀ ਮੰਤਰੀ ਮੰਡਲ ਵਿਚ ਔਰਤਾਂ ਅਤੇ ਮਰਦਾਂ ਦੀ ਬਰਾਬਰ ਗਿਣਤੀ ਹੈ। ਨਵੇਂ ਮੰਤਰੀ ਮੰਡਲ ਵਿਚ ਸਿਰਫ਼ 8 ਮੰਤਰੀਆਂ ਦੇ ਮਹਿਕਮਿਆਂ ਨਾਲ ਕੋਈ ਛੇੜਛਾੜ ਨਹੀਂ ਕੀਤੀ ਗਈ। ਇਨ੍ਹਾਂ ਵਿੱਚ ਵਿੱਤ ਮੰਤਰੀ ਅਤੇ ਉਪ ਪ੍ਰਧਾਨ ਮੰਤਰੀ ਕ੍ਰਿਸਟੀਆ ਫ੍ਰੀਲੈਂਡ, ਵਿਦੇਸ਼ ਮਾਮਲਿਆਂ ਦੇ ਮੰਤਰੀ ਮੇਲਾਨੀਆ ਜੋਲੀ, ਇਨੋਵੇਸ਼ਨ ਮੰਤਰੀ ਫ੍ਰਾਂਕੋਇਸ-ਫਿਲਿਪ ਸ਼ੈਂਪੇਨ, ਵਾਤਾਵਰਣ ਅਤੇ ਜਲਵਾਯੂ ਪਰਿਵਰਤਨ ਮੰਤਰੀ ਸਟੀਵਨ ਗਿਲਬੌਲਟ, ਸਵਦੇਸ਼ੀ ਸੇਵਾਵਾਂ ਅਤੇ ਉੱਤਰੀ ਓਨਟਾਰੀਓ ਲਈ ਸੰਘੀ ਆਰਥਿਕ ਵਿਕਾਸ ਮੰਤਰੀ ਪੈਟੀ ਹਜਦੂ, ਮਹਿਲਾ ਅਤੇ ਲਿੰਗ ਸਮਾਨਤਾ ਅਤੇ ਯੁਵਾ ਮੰਤਰੀ ਮਾਰਸੀ ਆਇਨ, ਦੱਖਣੀ ਓਨਟਾਰੀਓ ਲਈ ਸੰਘੀ ਆਰਥਿਕ ਵਿਕਾਸ ਮੰਤਰੀ ਫਿਲੋਮੇਨਾ ਟੈਸੀ, ਉੱਤਰੀ ਮਾਮਲੇ, ਪ੍ਰੇਰੀਜ਼ ਇਕਨਾਮਿਕ ਡਿਵੈਲਪਮੈਂਟ ਕੈਨੇਡਾ ਅਤੇ ਕੈਨੇਡੀਅਨ ਉੱਤਰੀ ਆਰਥਿਕ ਵਿਕਾਸ ਮੰਤਰੀ ਡੈਨ ਵੈਂਡਲ ਸ਼ਾਮਲ ਹਨ। ਨਵੇਂ ਮੰਤਰੀ ਮੰਡਲ ਵਿਚ ਪੰਜਾਬੀ ਮੂਲ ਦੇ ਹਰਜੀਤ ਸਿੰਘ ਸੱਜਣ ਨੂੰ ਕੈਨੇਡਾ ਦੀ ਕਿੰਗਜ਼ ਪ੍ਰੀਵੀ ਕੌਂਸਲ ਦਾ ਪ੍ਰਧਾਨ ਅਤੇ ਐਮਰਜੈਂਸੀ ਤਿਆਰੀ ਬਾਰੇ ਅਤੇ *(ਬਾਕੀ ਸਫ਼ਾ 4 'ਤੇ)*




For All Kind of Real Estate Needs
ਕਾਬਲੀਅਤ, ਤਜੁਰਬਾ ਅਤੇ ਸਮਝਦਾਰੀ... ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com



ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੌਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca



BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
5 Hour Service Available
Sher Singh Grewal
604-749-1955



A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119-12888 - 80th Ave., Surrey PH: 604-598-2222
32088 Cedar Lane, Abbotsford PH: 604-615-2222



Keep Smiling Denture Clinic
- Complete Denture
- Implant Denture
- Partial Denture
Care Home Mobile Service | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ
ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
SEMCD
Gagan Chahal R.D.
Registered Denturist
778-600-0811 13117-67A Ave, Surrey, BC
778-600-0810 2644 Cyril St Abbotsford BC



ਇੰਸ਼ੋਰੈਂਸ ਦੇ ਮਾਹਰ
Aman INSURANCE
- ਲਾਇਫ ਇੰਸ਼ੋਰੈਂਸ
- ਸੁਪਰ ਵੀਜ਼ਾ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
- RESP & RRSP's
ਅਮਨਦੀਪ ਦੁੱਗਲ
604-368-2030
604-375-0227
www.amaninsurance.ca



Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕੱਲ ਕਰੋ
Harpreet Rana
416-871-3571
www.harpreetrana.com



CROWN FUNDING
ਕਿਸੇ ਵੀ ਤਰ੍ਹਾਂ ਦੀ ਮੋਰਗੇਜ ਲੈਣ ਲਈ ਸੰਪਰਕ ਕਰੋ
- ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
- ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
- ਰੈਜੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੋਰਗੇਜ
HARRY KHOSA
Mortgage Consultant
harpreetfunding@gmail.com
@harpreetfunding
Ph: 778.558.9745



APNA DENTAL CENTRE
UNIT 306-A, 8035 120 STREET
DELTA, BC V4C 6P8
Dr. Pran Nath Vashisht
(Dentist)
TEL: 778-592-4400
apnadental.delta@gmail.com



ਪ੍ਰਦੇਸੀ Pardesi SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey



ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤਸੱਲੀਬਖ਼ਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002


S T & A Simpson, Thomas and Associates
People involved in a dispute or injury need strong, experienced representation. As a legal team with over 50 years' experience
We're raising the bar.
• Personal Injury
• ICBC Claims
• Family Law
• Immigration
• Employment Law
• Estate Litigation
• Insurance Denials
"Throughout the legal procedure, Simpson, Thomas & Associates have been clear, compassionate and efficient. The firm offers services in different languages which is helpful to my parents who are not familiar with Canadian laws."
– Hannah St
BBB ACCREDITED BUSINESS
We have translators fluent in Hindi and Punjabi.
Reach out for a legal consultation.
604 689 8888
simpsonthomas.com
@stalawyers
Surrey Office
701 – 13761 96th Avenue
Surrey, BC V3V 0E8
Vancouver Office
501 – 808 Nelson Street
Vancouver, BC V6Z 2H2
Scan QR code to set up a legal consultation with us
Experienced lawyers for your legal needs.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL. : 11 ISSUE : 30 SATURDAY, 29 JULY, 2023
www.punjablinkpaper.com 604-503-5465

ਰੇਡੀਓ ਪੰਜਾਬ ਹੁਣ AM 1600ਅਤੇ 105.3 'ਤੇ
Radio Punjab
App Store
Google play
ਤਿੰਨ ਰੰਗ
7pm to 10pm
B.C. Time
Every Weekend
Amarjit Singh
Studio: 5775-176 St., Surrey BC V3S 4E1
Ph: 604-345-3510
www.radiopunjab.ca

## ਮਨੀਪੁਰ ਸਰਕਾਰ ਕੁਕੀ ਭਾਈਚਾਰੇ ਵਿਰੁੱਧ ਨਹੀਂ ਬਲਕਿ ਡਰੱਗ ਮਾਫੀਆ ਖ਼ਿਲਾਫ਼-ਬੀਰੇਨ ਸਿੰਘ



ਇੰਫਾਲ-ਮਨੀਪੁਰ ਦੇ ਮੁੱਖ ਮੰਤਰੀ ਬੀਰੇਨ ਸਿੰਘ ਨੇ ਕਿਹਾ ਕਿ ਸੂਬਾ ਸਰਕਾਰ ਕੁਕੀ ਭਾਈਚਾਰੇ ਦੇ ਵਿਰੁੱਧ ਨਹੀਂ ਹੈ ਸਗੋਂ ਸਰਕਾਰ ਤਾਂ ਸੂਬੇ ਦੇ ਡਰੱਗ ਮਾਫੀਆ ਖ਼ਿਲਾਫ਼ ਹੈ। ਜ਼ਿਕਰਯੋਗ ਹੈ ਕਿ ਬੀਤੇ ਸਮੇਂ ਵਿੱਚ ਕੁਕੀ ਭਾਈਚਾਰੇ ਦੇ ਕਈ ਮੈਂਬਰਾਂ 'ਤੇ ਨਸ਼ੀਲੀਆਂ ਵਸਤਾਂ ਦਾ ਕਾਰੋਬਾਰ ਕਰਨ ਦਾ ਦੋਸ਼ ਲੱਗਾ ਹੈ। ਉਨ੍ਹਾਂ ਨੇ ਮਿਜ਼ੋਰਮ ਦੇ ਮੁੱਖ ਮੰਤਰੀ ਜ਼ੋਰਾਮਥਾਂਗਾ, ਜਿਨ੍ਹਾਂ ਨੇ ਮੰਗਲਵਾਰ ਨੂੰ ਐਜ਼ਾਲ 'ਚ ਕੁਕੀ ਭਾਈਚਾਰੇ ਦੇ ਸਮਰਥਨ 'ਚ ਕੀਤੀ ਗਈ ਰੈਲੀ 'ਚ ਭਾਗ ਲਿਆ ਸੀ, ਨੂੰ ਕਿਹਾ ਕਿ ਉਹ ਹੋਰ ਸੂਬਿਆਂ ਦੇ ਮਾਮਲਿਆਂ 'ਚ ਦਖਲ ਨਾ ਦੇਣ। ਇਕ ਟੀਵੀ ਚੈਨਲ ਨੂੰ ਦਿੱਤੀ ਇੰਟਰਵਿਊ ਦੌਰਾਨ ਮੁੱਖ ਮੰਤਰੀ ਬੀਰੇਨ ਸਿੰਘ ਨੇ ਕਿਹਾ ਕਿ ਉਹ ਅਸਤੀਫੇ ਦੀ ਮੰਗ ਅੱਗੇ ਨਹੀਂ ਝੁਕਣਗੇ।

## ਮਨੀਪੁਰ ਦੀ ਘਟਨਾ ਨੂੰ ਲੈਕੇ ਸੰਸਦ ਵਿਚ ਭਾਰੀ ਹੰਗਾਮਾ

ਪਿਛਲੇ ਦਿਨਾਂ ਵਾਂਗ ਵੀ ਲੋਕ ਸਭਾ ਤੇ ਰਾਜ ਸਭਾ ਦੀ ਕਾਰਵਾਈ ਮਨੀਪੁਰ ਮੁੱਦੇ ਨੂੰ ਲੈ ਕੇ ਵਿਰੋਧੀ ਧਿਰ ਦੇ ਮੈਂਬਰਾਂ ਵੱਲੋਂ ਨਾਅਰੇਬਾਜ਼ੀ ਨਾਲ ਸ਼ੁਰੂ ਹੋਈ ਅਤੇ ਕੁਝ ਮਿੰਟਾਂ ਬਾਅਦ ਦੁਪਹਿਰ 2 ਵਜੇ ਤੱਕ ਮੁਲਤਵੀ ਕਰ ਦਿੱਤੀ ਗਈ। ਹੇਠਲੇ ਸਦਨ 'ਚ ਕਾਂਗਰਸ, ਤ੍ਰਿਣਮੂਲ ਕਾਂਗਰਸ, ਡੀਐੱਮਕੇ ਅਤੇ ਕੁਝ ਹੋਰ ਵਿਰੋਧੀ ਪਾਰਟੀਆਂ ਦੇ ਮੈਂਬਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਨੀਪੁਰ ਦੀ ਸਥਿਤੀ 'ਤੇ ਸਦਨ 'ਚ ਬਿਆਨ ਦੇਣ ਅਤੇ ਫਿਰ ਇਸ ਵਿਸ਼ੇ 'ਤੇ ਚਰਚਾ ਕਰਵਾਉਣ ਦੀ ਆਪਣੀ ਮੰਗ 'ਤੇ ਅੜੇ ਰਹੇ। ਇਸ ਕਾਰਨ ਸਦਨ ਬਾਅਦ ਦੁਪਹਿਰ 3 ਵਜੇ ਤੱਕ ਉਠਾਅ ਦਿੱਤਾ ਗਿਆ। ਇਸ ਤੋਂ ਬਾਅਦ ਰੌਲੇ ਰੱਪੇ ਕਾਰਨ ਸਦਨ ਨੂੰ ਬਾਕੀ ਦਿਨ ਲਈ ਉਠਾਅ ਦਿੱਤਾ ਗਿਆ।

# ਮਨੀਪੁਰ ਘਟਨਾ ਦੀ ਜਾਂਚ ਸੀਬੀਆਈ ਨੂੰ ਸੌਂਪੀ-ਕੇਂਦਰ

ਨਵੀਂ ਦਿੱਲੀ-ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਮਨੀਪੁਰ 'ਚ ਦੋ ਔਰਤਾਂ ਨੂੰ ਨਗਨ ਹਾਲਤ 'ਚ ਘੁਮਾਉਣ ਸਬੰਧੀ ਕੇਸ ਦੀ ਜਾਂਚ ਸੀਬੀਆਈ ਨੂੰ ਸੌਂਪ ਦਿੱਤੀ ਗਈ ਹੈ। ਇਸ ਸਬੰਧ 'ਚ ਕੇਂਦਰ ਸਰਕਾਰ ਵੱਲੋਂ ਸਕੱਤਰ ਅਜੈ ਕੁਮਾਰ ਭੱਲਾ ਰਾਹੀਂ ਹਲਫਨਾਮਾ ਦਾਇਰ ਕੀਤਾ ਗਿਆ ਹੈ।

### ਐਡੀਟਰਜ ਗਿਲਡ ਕਰੇਗੀ ਜਾਂਚ

ਨਵੀਂ ਦਿੱਲੀ-ਐਡੀਟਰਜ਼ ਗਿਲਡ ਆਫ ਇੰਡੀਆ ਨੇ ਕਿਹਾ ਕਿ ਉਹ ਸਥਾਨਕ ਅਤੇ ਕੌਮੀ ਮੀਡੀਆ ਵਿੱਚ ਮਨੀਪੁਰ ਵਿੱਚ ਹੋਈਆਂ ਜਾਤੀ ਹਿੰਸਕ ਝੜਪਾਂ ਦੀ ਕਵਰੇਜ ਬਾਰੇ ਰਿਪੋਰਟ ਤਿਆਰ ਕਰਨ ਲਈ 'ਇੱਕ ਤੱਥ ਖੋਜ ਮਿਸ਼ਨ' ਤਹਿਤ ਸੀਨੀਅਰ ਪੱਤਰਕਾਰਾਂ ਦੀ ਟੀਮ ਨੂੰ ਆਪਣੇ ਨਾਲ ਰੱਖ ਰਿਹਾ ਹੈ। ਇੱਕ ਬਿਆਨ ਵਿੱਚ ਐਡੀਟਰਜ਼ ਗਿਲਡ ਨੇ ਮਨੀਪੁਰ ਵਿੱਚ ਹੋਈਆਂ ਜਾਤੀ ਹਿੰਸਕ ਝੜਪਾਂ ਦੀ ਕਵਰੇਜ ਵਿੱਚ 'ਸਪੱਸ਼ਟ ਪੱਖਪਾਤ' ਉੱਤੇ 'ਗਹਿਰੀ ਚਿੰਤਾ' ਪ੍ਰਗਟਾਈ ਹੈ। ਬਿਆਨ ਵਿੱਚ ਕਿਹਾ ਗਿਆ, "ਟੀਮ ਦਾ ਮੁੱਢਲਾ ਉਦੇਸ਼ ਸਥਾਨਕ ਅਤੇ ਕੌਮੀ ਮੀਡੀਆ ਵੱਲੋਂ ਹਿੰਸਕ ਘਟਨਾਵਾਂ ਸਬੰਧੀ ਪ੍ਰਕਾਸ਼ਿਤ ਖਬਰਾਂ ਦਾ ਨਿਰਪੱਖ ਅਤੇ ਸਟੀਕ ਮੁਲਾਂਕਣ ਪ੍ਰਦਾਨ ਕਰਨਾ ਅਤੇ ਪ੍ਰੈੱਸ ਦੇ ਵਿਹਾਰ 'ਤੇ ਵੱਧ ਸਵੈ-ਜਵਾਬਦੇਹੀ ਨੂੰ ਉਤਸ਼ਾਹਿਤ ਕਰਨਾ ਹੋਵੇਗਾ।'

### ਮਨੀਪੁਰ 'ਚ ਹਿੰਸਾ ਦੀਆਂ ਘਟਨਾਵਾਂ ਜਾਰੀ

ਇੰਫਾਲ-ਮਨੀਪੁਰ 'ਚ ਹਿੰਸਾ ਅਤੇ ਅੱਗਜ਼ਨੀ ਰੁਕਣ ਦਾ ਨਾਮ



ਨਹੀਂ ਲੈ ਰਹੀ ਹੈ। ਸ਼ਰਾਰਤੀ ਅਨਸਰਾਂ ਨੇ ਮੋਰੇਹ ਜ਼ਿਲ੍ਹੇ 'ਚ 30 ਘਰਾਂ ਅਤੇ ਦੁਕਾਨਾਂ ਨੂੰ ਅੱਗ ਲਗਾ ਦਿੱਤੀ। ਖਾਲੀ ਪਏ ਘਰ ਮਿਆਂਮਾਰ ਸਰਹੱਦ ਨੇੜੇ ਮੋਰੇਹ ਬਾਜ਼ਾਰ ਇਲਾਕੇ 'ਚ ਪੈਂਦੇ ਸਨ। ਅੱਗਜ਼ਨੀ ਮਗਰੋਂ ਸ਼ਰਾਰਤੀ ਅਨਸਰਾਂ (ਬਾਕੀ ਸਫ਼ਾ 7 'ਤੇ)

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 WAGES:$24-$28 PER HOUR
HEALTH CARE ASSISTANT $5250 WAGES:$17-$26.50 PER HOUR
PHARMACY ASSISTANT $5500 WAGES:$19.61-$27.30 PER HOUR
CERTIFIED DENTAL ASSISTANT $14,000 WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਉਂਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਮਾਰਕ ਮਿਲਰ ਹੋਣਗੇ ਨਵੇਂ ਇਮੀਗ੍ਰੇਸ਼ਨ ਮੰਤਰੀ

ਓਟਵਾ-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਪਣੇ ਮੰਤਰੀ ਮੰਡਲ ਵਿਚ ਵੱਡੀਆਂ ਤਬਦੀਲੀਆਂ ਕਰਨ ਦਾ ਐਲਾਨ ਕੀਤਾ ਹੈ। ਕਿਊਬਕ ਤੋਂ ਪਾਰਲੀਮੈਂਟ ਦੇ ਮੈਂਬਰ ਮਾਰਕ ਮਿਲਰ ਕੈਨੇਡਾ ਦਾ ਨਵੇਂ ਇਮੀਗ੍ਰੇਸ਼ਨ ਮੰਤਰੀ ਹੋਣਗੇ। ਮਿਲਰ ਨੇ ਹਾਲ ਹੀ ਵਿਚ ਕ੍ਰਾਊਨ-ਇੰਡੀਜਨਸ ਰਿਲੇਸ਼ਨਜ਼ ਦੇ ਮੰਤਰੀ ਵਜੋਂ ਕੰਮ ਕੀਤਾ ਹੈ, ਇਸ ਭੂਮਿਕਾ ਦਾ ਮਤਲਬ ਕੈਨੇਡਾ ਦੇ ਮੂਲਵਾਸੀ ਲੋਕਾਂ ਲਈ ਸਵੈਨਿਰਣੇ ਦਾ ਸਮਰਥਨ ਕਰਨਾ ਹੈ। ਕੈਨੇਡਾ ਦੇ ਪਿਛਲੇ ਇਮੀਗ੍ਰੇਸ਼ਨ ਮੰਤਰੀ ਸੀਨ ਫਰੇਜ਼ਰ ਹੁਣ ਹਾਊਸਿੰਗ, ਇਨਫਰਾਸਟਰੱਕਚਰ ਤੇ ਕਮਿਊਨਿਟੀਜ਼ ਬਾਰੇ ਮੰਤਰੀ ਹੋਣਗੇ। ਮਿਲਰ ਪਹਿਲੀ ਵਾਰ 2015 ਵਿਚ ਕੈਨੇਡਾ ਦੀ ਪਾਰਲੀਮੈਂਟ ਲਈ ਚੁਣਿਆਂ ਗਿਆ ਸੀ। ਮਿਲਰ ਦਾ ਜਨਮ ਤੇ ਪਾਲਣ ਪੋਸ਼ਣ ਮਾਂਟਰੀਅਲ ਵਿਚ ਹੋਇਆ। ਉਸ ਨੇ ਯੂਨੀਵਰਸਿਟੀ ਡੀ ਮਾਂਟਰੀਅਲ ਤੋਂ ਰਾਜਨੀਤੀ ਸ਼ਾਸਤਰ ਅਤੇ ਮੈਕਗਿੱਲ ਯੂਨੀਵਰਸਿਟੀ ਤੋਂ ਕਾਨੂੰਨ ਦੀ ਡਿਗਰੀ ਹਾਸਲ ਕੀਤੀ ਹੋਈ ਹੈ। ਕੈਨੇਡੀਅਨ ਪ੍ਰਧਾਨ ਮੰਤਰੀ ਹਰੇਕ ਦੋ ਸਾਲ ਜਾਂ ਇਸ ਤੋਂ ਬਾਅਦ ਵਿਚ ਆਪਣੇ ਮੰਤਰੀ ਮੰਡਲ ਵਿਚ ਫੇਰਬਦਲ ਕਰਦੇ ਹਨ। ਮਾੜੀ ਕਾਰਗੁਜ਼ਾਰੀ ਵਾਲੇ ਮੰਤਰੀਆਂ ਨੂੰ ਬਦਲਣ ਅਤੇ ਦੂਸਰੇ ਮੰਤਰੀਆਂ ਨੂੰ ਤਰੱਕੀ ਦੇਣ ਲਈ ਮੰਤਰੀ ਮੰਡਲ ਵਿਚ ਫੇਰਬਦਲ ਕੀਤਾ ਜਾਂਦਾ ਹੈ ਜਿਨ੍ਹਾਂ ਬਾਰੇ ਪ੍ਰਧਾਨ ਮੰਤਰੀ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨੇ ਵਧੀਆ ਕੰਮ ਕੀਤਾ ਹੈ। ਮੰਤਰੀ ਮੰਡਲ ਵਿਚ ਆਖਰੀ ਵੱਡਾ ਫੇਰਬਦਲ ਫੈਡਰਲ ਚੋਣਾਂ ਪਿੱਛੋਂ ਅਕਤੂਬਰ 2021 ਵਿਚ ਕੀਤਾ ਗਿਆ ਸੀ। ਫੇਰਬਦਲ ਦੇ ਹਿੱਸੇ ਵਜੋਂ ਫਰੇਜ਼ਰ ਨੂੰ ਕੈਨੇਡਾ ਦਾ ਇਮੀਗ੍ਰੇਸ਼ਨ ਮੰਤਰੀ ਅਤੇ ਇਮੀਗ੍ਰੇਸ਼ਨ, ਰਿਫਊਜ਼ੀ ਅਤੇ ਸਿਟੀਜ਼ਨਸ਼ਿਪ



ਕੈਨੇਡਾ (ਆਈਆਰਸੀਸੀ) ਦਾ ਮੁਖੀ ਨਿਯੁਕਤ ਕੀਤਾ ਗਿਆ ਸੀ। ਟਰੂਡੋ 2015 ਤੋਂ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਟਿਕੇ ਹੋਏ ਹਨ। ਇਸ ਸਮੇਂ ਦੌਰਾਨ ਕੈਨੇਡਾ ਨੇ ਇਮੀਗ੍ਰੇਸ਼ਨ ਦੇ ਤੇਜ਼ ਪੱਧਰਾਂ ਨੂੰ ਅਪਣਾਇਆ ਹੈ। ਟਰੂਡੋ ਦੇ ਕਾਰਜਕਾਲ ਤੋਂ ਪਹਿਲਾਂ ਕੈਨੇਡਾ ਹਰੇਕ ਸਾਲ ਲਗਪਗ 250000 ਲੱਖ ਨਵੇਂ ਸਥਾਈ ਨਿਵਾਸੀਆਂ ਦਾ ਸਵਾਗਤ ਕਰਦਾ ਸੀ। ਜਦੋਂ ਟਰੂਡੋ ਨੇ ਸੱਤਾ ਸੰਭਾਲੀ ਤਾਂ ਇਸ ਪੱਧਰ ਨੂੰ ਹਰੇਕ ਸਾਲ ਲਈ ਵਧਾ ਕੇ ਤਿੰਨ ਲੱਖ ਕਰ ਦਿੱਤਾ ਅਤੇ ਮਹਾਂਮਾਰੀ ਤੋਂ ਪਹਿਲਾਂ 340000 ਸੀ। ਮਹਾਂਮਾਰੀ ਦੌਰਾਨ ਕੈਨੇਡਾ ਨੇ ਆਪਣਾ ਨਿਸ਼ਾਨਾ ਵਧਾ ਕੇ ਹਰੇਕ ਸਾਲ ਚਾਰ ਲੱਖ ਨਵੇਂ ਸਥਾਈ ਨਿਵਾਸੀਆਂ ਤਕ ਕਰ ਦਿੱਤਾ। ਇਮੀਗ੍ਰੇਸ਼ਨ ਲੈਵਲਜ਼ ਯੋਜਨਾ 2023-25 ਤਹਿਤ ਕੈਨੇਡਾ 2025 ਤਕ ਹਰੇਕ ਸਾਲ 5 ਲੱਖ ਸਥਾਈ ਨਿਵਾਸੀਆਂ ਦਾ ਸਵਾਗਤ ਕਰ ਰਿਹਾ ਹੈ। ਕੈਨੇਡਾ ਨੇ ਬਜ਼ੁਰਗ ਹੋ ਰਹੀ ਆਬਾਦੀ ਅਤੇ ਘੱਟ ਜਨਮ ਦਰ ਕਾਰਨ ਜ਼ਿਆਦਾ ਇਮੀਗ੍ਰੇਸ਼ਨ ਦਾ ਪ੍ਰੋਗਰਾਮ ਚਲਾਇਆ ਹੈ। ਫੈਡਰਲ ਸਰਕਾਰ ਸਮਝਦੀ ਹੈ ਕਿ ਇਮੀਗ੍ਰੇਸ਼ਨ ਕੈਨੇਡਾ ਦੀ ਆਰਥਿਕਤਾ ਅਤੇ ਵਿੱਤੀ ਸਥਿਤੀ ਨੂੰ ਮਜ਼ਬੂਤ ਕਰਨ ਦਾ ਇਕ ਉਪਾਅ ਹੈ ਕਿਉਂਕਿ 90 ਮਿਲੀਅਨ ਬੇਬੀ ਬੂਮਰ (1946 ਤੇ 1964 ਵਿਚਕਾਰ ਪੈਦਾ ਹੋਏ ਲੋਕ) ਅਗਲੇ ਦਹਾਕੇ ਵਿਚ 65 ਸਾਲ ਦੀ ਸੇਵਾਮੁਕਤੀ ਵਾਲੀ ਉਮਰ 'ਤੇ ਪਹੁੰਚ ਜਾਣਗੇ।

# ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਮੰਤਰੀ ਮੰਡਲ ਵਿਚ ਕੀਤੀ ਵੱਡੀ ਫੇਰਬਦਲ

ਸਫ਼ਾ 1 ਦੀ ਬਾਕੀ

ਕੈਨੇਡਾ ਦੀ ਪੈਸੀਫਿਕ ਆਰਥਿਕ ਵਿਕਾਸ ਮੰਤਰੀ ਨਿਯੁਕਤ ਕੀਤਾ ਗਿਆ। ਕਮਲ ਖਹਿਰਾ ਨੂੰ ਵਿਭਿੰਨਤਾ, ਸ਼ਮੂਲੀਅਤ ਅਤੇ ਅਪਾਹਜ ਵਿਅਕਤੀਆਂ ਦੇ ਮੰਤਰੀ ਬਣਾਇਆ ਗਿਆ ਹੈ। ਦੱਖਣੀ ਏਸ਼ੀਆਈ ਮੂਲ ਦੇ ਆਰਿਫ ਵਿਰਾਨੀ ਨੂੰ ਨਿਆਂ ਮੰਤਰੀ ਅਤੇ ਅਟਾਰਨੀ ਜਨਰਲ ਬਣਾਇਆ ਗਿਆ ਅਤੇ ਉਹ ਪਹਿਲੇ ਇਸਮਾਈਲੀ ਮੰਤਰੀ ਬਣੇ ਹਨ। ਇਸੇ ਤਰ੍ਹਾਂ ਸ਼੍ਰੀਲੰਕਾ ਮੂਲ ਦੇ ਗੈਰੀ ਆਨੰਦਸੰਗਰੀ ਕ੍ਰਾਊਨ ਇੰਡੀਜੀਨਸ ਰਿਲੇਸ਼ਨਜ਼ ਮੰਤਰੀ ਬਣੇ ਅਤੇ ਉਹ ਪਹਿਲੇ ਤਾਮਿਲ ਮੰਤਰੀ ਹਨ। ਮਾਰਕ ਮਿਲਰ ਇਮੀਗ੍ਰੇਸ਼ਨ, ਸ਼ਰਨਾਰਥੀ ਅਤੇ ਨਾਗਰਿਕਤਾ ਦੇ ਨਵੇਂ ਮੰਤਰੀ ਹਨ।

## ਜਿਨ੍ਹਾਂ ਪੁਰਾਣੇ ਮੰਤਰੀਆਂ ਦੇ ਮਹਿਕਮੇ ਬਦਲ ਕੇ ਨਵੀਆਂ ਜ਼ਿੰਮੇਂਵਾਰੀਆਂ ਸੌਂਪੀਆਂ ਗਈਆਂ

ਅਨੀਤਾ ਆਨੰਦ ਖਜ਼ਾਨਾ ਬੋਰਡ ਦੀ ਪ੍ਰਧਾਨ ਬਣੀ, ਮੈਰੀ-ਕਲੋਡ ਬਿਬਿਊ ਕੌਮੀ ਮਾਲ ਮੰਤਰੀ, ਬਿਲ ਬਲੇਅਰ ਰਾਸ਼ਟਰੀ ਰੱਖਿਆ ਮੰਤਰੀ, ਰੈਂਡੀ ਬੋਇਸੋਨੌਲਟ ਰੁਜ਼ਗਾਰ, ਕਾਰਜਬਲ ਵਿਕਾਸ ਅਤੇ ਸਰਕਾਰੀ ਭਾਸ਼ਾਵਾਂ ਦੇ ਮੰਤਰੀ, ਜੀਨ-ਯਵੇਸ ਡੁਕਲੋਸ ਜਨਤਕ ਸੇਵਾਵਾਂ ਅਤੇ ਖਰੀਦ ਮੰਤਰੀ, ਸੀਨ ਫਰੇਜ਼ਰ ਹਾਊਸਿੰਗ, ਇਨਫਰਾਸਟਰੱਕਚਰ ਅਤੇ ਕਮਿਊਨਿਟੀਜ਼ ਮੰਤਰੀ, ਕਰੀਨਾ ਗੋਲਡ ਹਾਊਸ ਆਫ ਕਾਮਨਜ਼ ਵਿੱਚ ਸਰਕਾਰ ਦੀ ਨੇਤਾ, ਮਾਰਕ ਹੌਲੈਂਡ ਸਿਹਤ ਮੰਤਰੀ, ਅਹਿਮਦ ਹੁਸੈਨ ਅੰਤਰਰਾਸ਼ਟਰੀ ਵਿਕਾਸ ਮੰਤਰੀ, ਗੁਡੀ ਹਚਿੰਗਸ ਦਿਹਾਤੀ ਆਰਥਿਕ ਵਿਕਾਸ ਮੰਤਰੀ ਅਤੇ ਅਟਲਾਂਟਿਕ ਕੈਨੇਡਾ ਅਪਰਚਿਊਨਿਟੀਜ਼ ਮੰਤਰੀ, ਕਮਲ ਖਹਿਰਾ ਵਿਭਿੰਨਤਾ, ਸ਼ਮੂਲੀਅਤ ਅਤੇ ਅਪਾਹਜ ਵਿਅਕਤੀਆਂ ਦੇ ਮੰਤਰੀ, ਡੋਮਿਨਿਕ ਲੇਬਲੈਂਕ ਜਨਤਕ ਸੁਰੱਖਿਆ, ਲੋਕਤੰਤਰੀ ਸੰਸਥਾਵਾਂ ਅਤੇ ਅੰਤਰ-ਸਰਕਾਰੀ ਮਾਮਲਿਆਂ ਦੇ ਮੰਤਰੀ, ਡਾਇਨ ਲੇਬੂਥਿਲੀਅਰ ਮੱਛੀ ਪਾਲਣ, ਸਮੁੰਦਰਾਂ ਅਤੇ ਕੈਨੇਡੀਅਨ ਕੋਸਟ ਗਾਰਡ ਮੰਤਰੀ, ਲਾਰੈਂਸ ਮੈਕਾਲੇ ਖੇਤੀਬਾੜੀ ਅਤੇ ਐਗਰੀ-ਫੂਡ ਮੰਤਰੀ, ਮਾਰਕ ਮਿਲਰ ਇਮੀਗ੍ਰੇਸ਼ਨ, ਸ਼ਰਨਾਰਥੀ ਅਤੇ ਨਾਗਰਿਕਤਾ ਮੰਤਰੀ, ਮੈਰੀ ਐਨਜੀ ਐਕਸਪੋਰਟ ਪ੍ਰਮੋਸ਼ਨ, ਅੰਤਰਰਾਸ਼ਟਰੀ ਵਪਾਰ ਅਤੇ ਆਰਥਿਕ ਵਿਕਾਸ ਮੰਤਰੀ, ਸੀਮਸ ਓ'ਰੀਗਨ ਜੂਨੀਅਰ ਕਿਰਤ ਅਤੇ ਸੀਨੀਅਰ ਮੰਤਰੀ, ਜਿਨੇਟ ਪੇਟੀਪਾਸ ਟੇਲਰ ਵੈਟਰਨਜ਼ ਅਫੇਅਰਜ਼ ਅਤੇ ਰਾਸ਼ਟਰੀ ਰੱਖਿਆ ਦੇ ਐਸੋਸੀਏਟ ਮੰਤਰੀ, ਕਾਰਲਾ ਕੁਆਲਟਰੋ ਖੇਡ ਅਤੇ ਸਰੀਰਕ ਗਤੀਵਿਧੀ ਮੰਤਰੀ, ਪਾਬਲੋ ਰੋਡਰਿਗਜ਼ ਟਰਾਂਸਪੋਰਟ ਮੰਤਰੀ ਅਤੇ ਕਿਊਬਿਕ ਲੈਫਟੀਨੈਂਟ, ਹਰਜੀਤ ਸਿੰਘ ਸੱਜਨ ਕੈਨੇਡਾ ਲਈ ਕਿੰਗਜ਼ ਪ੍ਰਵੀ ਕੌਂਸਲ ਦੇ ਪ੍ਰਧਾਨ, ਐਮਰਜੈਂਸੀ ਅਤੇ ਕੈਨੇਡਾ ਦੀ ਪੈਸੀਫਿਕ ਆਰਥਿਕ ਵਿਕਾਸ ਮੰਤਰੀ, ਪਾਸਕੇਲ ਸੇਂਟ-ਓਂਜ ਕੈਨੇਡੀਅਨ ਹੈਰੀਟੇਜ ਮੰਤਰੀ, ਜੋਨਾਥਨ ਵਿਲਕਿਨਸਨ ਊਰਜਾ ਅਤੇ ਕੁਦਰਤੀ ਸਰੋਤ ਮੰਤਰੀ ਬਣੇ ਹਨ।




## ਮੰਤਰੀ ਮੰਡਲ ਵਿਚ ਪਹਿਲੀ ਵਾਰ ਸ਼ਾਮਲ ਹੋਏ ਨਵੇਂ ਚਿਹਰੇ

ਗੈਰੀ ਆਨੰਦਸੰਗਰੀ ਕ੍ਰਾਊਨ-ਇੰਡੀਜੀਨਸ ਰਿਲੇਸ਼ਨਜ਼ ਮੰਤਰੀ, ਟੈਰੀ ਬੀਚ ਨਾਗਰਿਕ ਸੇਵਾਵਾਂ ਦੇ ਮੰਤਰੀ, ਸੋਰਾਇਆ ਮਾਰਟੀਨੇਜ਼ ਫਰਾਡਾ ਸੈਰ-ਸਪਾਟਾ ਮੰਤਰੀ ਅਤੇ ਕਿਊਬਿਕ ਦੇ ਖੇਤਰਾਂ ਲਈ ਕੈਨੇਡਾ ਦੇ ਆਰਥਿਕ ਵਿਕਾਸ ਮੰਤਰੀ, ਯਾਰਾ ਸਾਕਸ ਮਾਨਸਿਕ ਸਿਹਤ ਅਤੇ ਨਸ਼ਾਖੋਰੀ ਅਤੇ ਐਸੋਸੀਏਟ ਸਿਹਤ ਮੰਤਰੀ, ਜੇਨਾ ਸੁਡਜ਼ ਪਰਿਵਾਰ, ਬੱਚਿਆਂ ਅਤੇ ਸਮਾਜਿਕ ਵਿਕਾਸ ਮੰਤਰੀ, ਰੇਚੀ ਵਾਲਡੇਜ਼ ਛੋਟੇ ਕਾਰੋਬਾਰ ਦੇ ਮੰਤਰੀ, ਆਰਿਫ ਵਿਰਾਨੀ ਕੈਨੇਡਾ ਦੇ ਨਿਆਂ ਮੰਤਰੀ ਅਤੇ ਅਟਾਰਨੀ ਜਨਰਲ ਬਣੇ ਹਨ।

# ਸਾਬਕਾ ਐਮ ਪੀ ਜਤਿੰਦਰ ਸਿੰਘ ਜਤੀ ਸਿੱਧੂ ਨੂੰ ਸਦਮਾ-ਪਤਨੀ ਸੁਰਿੰਦਰ ਕੌਰ ਦਾ ਸਦੀਵੀ ਵਿਛੋੜਾ

ਐਬਸਫੋਰਡ-ਮਿਸ਼ਨ-ਐਬਸਫੋਰਡ ਤੋਂ ਸਾਬਕਾ ਲਿਬਰਲ ਐਮ ਪੀ ਜਤਿੰਦਰ ਸਿੰਘ ਜਤੀ ਸਿੱਧੂ ਨੂੰ ਉਦੋਂ ਗਹਿਰਾ ਸਦਮਾ ਪੁੱਜਾ ਜਦੋਂ ਉਹਨਾਂ ਦੀ ਸੁਪਤਨੀ ਸੁਰਿੰਦਰ ਕੌਰ ਸਿੱਧੂ ਅਚਾਨਕ ਸਦੀਵੀ ਵਿਛੋੜਾ ਦੇ ਗਏ। ਉਹ ਪਿਛਲੇ ਕੁਝ ਸਮੇਂ ਤੋਂ ਬੀਮਾਰ ਸਨ। ਉਹ ਲਗਪਗ 70 ਸਾਲ ਦੇ ਸਨ। ਉਹ ਆਪਣੇ ਪਿੱਛੇ ਪਤੀ ਜਤਿੰਦਰ ਸਿੰਘ ਸਿੱਧੂ , ਤਿੰਨ ਬੱਚੇ-ਦੋ ਬੇਟੀਆਂ ਕਮਲ, ਸ਼ੈਰਨ ਤੇ ਬੇਟਾ ਸਾਹਿਬ ਸਿੱਧੂ ਸਮੇਤ ਭਰਿਆ ਬਾਗ ਪਰਿਵਾਰ ਛੱਡ ਗਏ ਹਨ। ਪ੍ਰਾਪਤ ਜਾਣਕਾਰੀ ਮੁਤਾਬਿਕ ਸ੍ਰੀਮਤੀ ਸੁਰਿੰਦਰ ਕੌਰ ਦੀ ਮ੍ਰਿਤਕ ਦੇਹ ਦਾ ਅੰਤਿਮ ਸੰਸਕਾਰ 30 ਜੁਲਾਈ ਦਿਨ ਐਤਵਾਰ ਨੂੰ ਦੁਪਹਿਰ 12 ਵਜੇ ਫਰੇਜ਼ਰ ਰਿਵਰ ਫਿਊਨਰਲ ਹੋਮ 2061 ਰਿਵਰਸਾਈਡ ਰੋਡ ਐਬਸਫੋਰਡ ਵਿਖੇ ਕੀਤਾ ਜਾਵੇਗਾ ਉਪਰੰਤ ਭੋਗ ਤੇ ਅੰਤਿਮ ਅਰਦਾਸ ਗੁਰੁਦੁਆਰਾ ਸਿੱਖ ਟੈਂਪਲ 32086 ਲੌਹੀਡ ਹਾਈਵੇ, ਮਿਸ਼ਨ ਬੀ ਸੀ ਵਿਖੇ ਹੋਵੇਗੀ। ਪਰਿਵਾਰ ਨਾਲ ਹਮਦਰਦੀ ਲਈ ਸ੍ਰੀ ਜਤਿੰਦਰ ਸਿੰਘ ਜਤੀ ਸਿੱਧੂ ਨਾਲ ਫੋਨ ਨੰਬਰ 604-556-4989 'ਤੇ ਸੰਪਰਕ ਕੀਤਾ ਜਾ ਸਕਦਾ ਹੈ।








# ਗੈਰਕਾਨੂੰਨੀ ਡੰਪਿੰਗ ਵਿਰੁੱਧ ਕਾਰਵਾਈ ਨਿਊਟਨ ਤੋਂ ਹੋਵੇਗੀ ਸ਼ੁਰੂ

ਸਰੀ-ਸਰੀ ਹੌਟ ਸਪੌਟ ਨੇਬਰਹੁੱਡਸ ਵਿਚ ਗੈਰਕਾਨੂੰਨੀ ਡੰਪਿੰਗ ਖਿਲਾਫ ਕਾਰਵਾਈ ਦੀ ਯੋਜਨਾ ਬਣਾ ਰਿਹਾ ਹੈ ਅਤੇ ਇਹ ਕਾਰਵਾਈ ਨਿਊਟਨ ਤੋਂ ਸ਼ੁਰੂ ਹੋਵੇਗੀ ਅਤੇ ਸਿਟੀ ਸਟਾਫ ਬਾਅਦ ਵਿਚ ਦੂਸਰੇ ਇਲਾਕਿਆਂ ਵਿਚ ਕਾਰਵਾਈ ਕਰੇਗਾ। ਸੋਮਵਾਰ ਰਾਤ ਨੂੰ ਕੌਂਸਲ ਸਾਹਮਣੇ ਪੇਸ਼ ਕੀਤੀ ਕਾਰਪੋਰੇਟ ਰਿਪੋਰਟ ਮੁਤਾਬਿਕ ਸਿਟੀ ਟਾਊਨ ਸੈਂਟਰਾਂ ਵਿਚ (ਲਿਟਰ ਪਿਕ-ਅੱਪ ਐਂਡ ਕਲੀਨ ਬਲਿਟਜ਼ (ਕੂੜਾ ਚੁੱਕਣਾ ਤੇ ਸਾਫ ਸਫਾਈ ਕਰਨੀ) ਵੀ ਕਰੇਗਾ ਅਤੇ ਇਸ ਪਿੱਛੋਂ ਬਾਈ ਲਾਅ ਅਫਸਰਾਂ ਤੇ ਇੰਜਨੀਅਰਿੰਗ ਵਿਭਾਗ ਸਟਾਫ ਵਲੋਂ ਨਿਸ਼ਾਨੇ 'ਤੇ ਕਾਰਵਾਈ ਕੀਤੀ ਜਾਵੇਗੀ। ਇੰਜਨੀਅਰਿੰਗ ਦੇ ਜਨਰਲ ਮੈਨੇਜਰ ਸਕੌਟ ਨਿਊਮਨ ਨੇ ਲਿਖਤੀ ਰਿਪੋਰਟ ਵਿਚ ਦੱਸਿਆ ਕਿ ਪਾਇਲਟ ਪ੍ਰਾਜੈਕਟ ਦੀ ਪ੍ਰਭਾਵਸ਼ੀਲਤਾ ਦਾ ਮੁਲਾਂਕਣ ਇਹ ਦੇਖਣ ਲਈ ਕੀਤਾ ਜਾਵੇਗਾ ਕਿ ਕੀ ਸਰੀ ਵਿਚ ਹੋਰ ਭਾਈਚਾਰਿਆਂ ਨੂੰ ਲਿਆਉਣ ਤੋਂ ਪਹਿਲਾਂ ਤਬਦੀਲੀਆਂ ਦੀ ਜ਼ਰੂਰਤ ਹੈ ਜਾਂ ਨਹੀਂ। ਕੌਂਸਲਰ ਹੈਰੀ ਬੈਂਸ ਨੇ ਕਿਹਾ ਕਿ ਨਿਊਟਨ ਦੇ ਵਾਸੀਆਂ ਫੋਰਸ ਨਿਊਟਨ ਟਾਸਕ ਫੋਰਸ ਨੂੰ ਦੱਸਿਆ ਕਿ ਲੋਕ ਜਿਸ ਚੀਜ਼ ਦੀ ਸਭ ਤੋਂ ਵੱਧ ਗੱਲ ਕਰ ਰਹੇ ਹਨ ਉਹ ਹੈ ਸਾਫ ਸੁਥਰੀਆਂ ਸੜਕਾਂ। ਉਹ ਆਪਣੇ ਭਾਈਚਾਰਿਆਂ ਵਿਚ ਕੂੜਾ ਕਰਕਟ ਨਹੀਂ ਦੇਖਣਾ ਚਾਹੁੰਦੇ। ਉਹ ਨਹੀਂ ਚਾਹੁੰਦੇ ਕਿ ਸੜਕਾਂ 'ਤੇ ਕੂੜਾ ਹੋਵੇ। ਉਹ ਨਿਊਟਨ ਵਿਚ ਸ਼ੁਰੂ ਹੋ ਰਹੇ ਇਸ ਪਾਇਲਟ ਪ੍ਰੋਗਰਾਮ ਤੋਂ ਬਹੁਤ ਖੁਸ਼ ਹੈ ਅਤੇ ਉਹ ਇਹ ਦੇਖ ਕੇ ਉਤਸ਼ਾਹਿਤ ਹੈ ਕਿ ਸਿਟੀ ਸਟਾਫ ਇਹ ਕੰਮ ਸਾਰੇ ਸ਼ਹਿਰ ਵਿਚ ਕਰੇਗਾ। ਸ਼ਹਿਰ ਨੇ 2022 ਵਿਚ 7574 ਗੈਰਕਾਨੂੰਨੀ ਡੰਪਿੰਗ ਵਸਤਾਂ ਦਰਜ ਕੀਤੀਆਂ ਸਨ ਅਤੇ ਇਹ ਗਿਣਤੀ ਉਸ ਤੋਂ ਪਿਛਲੇ ਸਾਲ ਨਾਲੋਂ ਚਾਰ ਫ਼ੀਸਦੀ ਘੱਟ ਹੈ।

# 132 ਸਟਰੀਟ ਨੂੰ ਚੌੜਾ ਕਰਨ ਲਈ ਠੇਕਾ ਦਿੱਤਾ

ਸਰੀ-ਸ਼ਹਿਰ ਦੀ ਕੌਂਸਲ ਨੇ ਨਿਊਟਨ ਵਿਚ 72 ਐਵੀਨਿਊ ਅਤੇ 80 ਐਵੀਨਿਊ ਵਿਚਕਾਰ ਪੈਂਦੀ 132 ਸਟਰੀਟ ਨੂੰ ਚੌੜਾ ਕਰਨ ਲਈ ਡਿਜ਼ਾਈਨ ਠੇਕਾ ਦਿੱਤਾ ਗਿਆ। ਕੌਂਸਲ ਨੇ ਸੋਮਵਾਰ ਰਾਤ ਨੂੰ ਐਪਲਿਨ ਐਂਡ ਮਾਰਟਿਨ ਕੰਸਲਟੈਂਟਸ ਲਿਮਟਿਡ ਨੂੰ 337,730.40 ਡਾਲਰ ਦਾ ਠੇਕਾ ਦਿੱਤਾ ਗਿਆ ਹੈ ਅਤੇ ਖਰਚ ਦੀ ਸੀਮਾ 372000 ਡਾਲਰ ਰੱਖੀ ਗਈ ਹੈ। ਕੌਂਸਲਰ ਹੈਰੀ ਬੈਂਸ ਨੇ ਕਿਹਾ ਕਿ ਨਿਊਟਨ ਦੇ ਵਾਸੀਆਂ ਲਈ ਆਵਾਜਾਈ ਇਕ ਮੁੱਖ ਚਿੰਤਾ ਸੀ ਅਤੇ ਉਹ ਇਹ ਦੇਖ ਕੇ ਉਤਸ਼ਾਹਿਤ ਹੈ ਕਿ ਇਸ ਦਾ ਠੇਕਾ ਦਿੱਤਾ ਜਾ ਰਿਹਾ ਹੈ ਤਾਂ ਜੋ ਅਸੀਂ 72 ਅਤੇ 80 ਐਵੀਨਿਊ ਵਿਚਕਾਰ 132 ਸਟਰੀਟ ਨੂੰ ਚੌੜਾ ਕਰਨ ਲਈ ਕਦਮ ਚੁਕ ਸਕੀਏ ਅਤੇ ਆਸ ਕਰਦੇ ਹਾਂ ਕਿ ਇਸ ਨਾਲ ਟਰੈਫਿਕ ਦੀ ਸਮੱਸਿਆ ਘਟੇਗੀ।

# ਸਰੀ ਕੌਂਸਲ ਨੇ ਸਟਰਾਅਬੇਰੀ ਹਿਲ ਕਮਿਊਨਿਟੀ ਹਾਲ ਦੀ ਮੁੜ ਉਸਾਰੀ ਲਈ ਦਿੱਤਾ ਠੇਕਾ

ਸਰੀ-ਸਿਟੀ ਕੌਂਸਲ ਨੇ ਨਿਊਟਨ ਵਿਚ ਇਕ ਵਿਰਾਸਤੀ ਇਮਾਰਤੀ ਸਟਰਾਅਬੇਰੀ ਹਿਲ ਕਮਿਊਨਿਟੀ ਹਾਲ ਜਿਹੜਾ ਦੋ ਸਾਲ ਪਹਿਲਾਂ ਅੱਗ ਨਾਲ ਨਸ਼ਟ ਹੋ ਗਿਆ ਸੀ ਦੀ ਮੁੜ ਉਸਾਰੀ ਲਈ ਜੈਕਬ ਬਰਦਰਜ਼ ਕੰਸਟਰੱਕਸ਼ਨ ਇੰਕ ਨੂੰ 2.5 ਮਿਲੀਅਨ ਡਾਲਰ ਦਾ ਠੇਕਾ ਦਿੱਤਾ ਹੈ। ਕੌਂਸਲ ਨੇ 2,841,877.50 ਡਾਲਰ ਦੇ ਖਰਚੇ ਦੀ ਹੱਦ ਨਾਲ 24 ਜੁਲਾਈ ਨੂੰ 2525,775 ਡਾਲਰ ਦਾ ਠੇਕਾ ਦੇਣ ਲਈ ਵੋਟ ਦਿੱਤਾ। ਕੰਮ ਵਿਚ ਪਾਰਕਿੰਗ, ਲੈਂਡਸਕੇਪਿੰਗ ਵੀ ਸ਼ਾਮਿਲ ਹੈ। 6 ਬੇਨਤੀਆਂ ਪ੍ਰਾਪਤ ਹੋਈਆਂ ਸਨ। 1909 ਵਿਚ ਬਣਾਇਆ ਗਿਆ ਹਾਲ 29 ਅਪ੍ਰੈਲ 2021 ਨੂੰ ਸੜ ਗਿਆ ਸੀ ਅਤੇ ਇਸ ਨੂੰ 12 ਲੱਖ ਡਾਲਰ ਦੀ ਲਾਗਤ ਨਾਲ ਮੁਰੰਮਤ ਕੀਤਾ ਜਾ ਰਿਹਾ ਸੀ। 75 ਐਵੀਨਿਊ ਅਤੇ 121 ਸਟਰੀਟ ਦੇ ਕੌਨੇ 'ਤੇ ਸਥਿਤ ਇਹ ਸਰੀ ਦੇ ਸਭ ਤੋਂ ਪੁਰਾਏ ਹਾਲਾਂ ਵਿਚੋਂ ਇਕ ਹੈ ਅਤੇ ਕੈਨੇਡੀਅਨ ਰਜਿਸਟਰ ਆਫ ਹਿਸਟੌਰਿਕ ਪਲੇਸਿਸ ਵਿਚ ਸੂਚੀਬੱਧ ਹੈ। ਚੌਰਾਹੇ ਨੂੰ ਮੋਟਰ ਗੱਡੀਆਂ ਤੇ ਪੈਦਲ ਯਾਤਰੀਆਂ ਲਈ ਸੁਰੱਖਿਅਤ ਬਣਾਉਣ ਦੀ ਕੋਸ਼ਿਸ਼ ਵਜੋਂ ਪ੍ਰਾਜੈਕਟ ਵਿਚ ਹਾਲ ਨੂੰ ਸੜਕ ਦੇ ਕੋਨੇ ਤੋਂ ਕੁਝ ਮੀਟਰ ਦੂਰ ਲਿਜਾਣਾ ਸ਼ਾਮਿਲ ਹੈ। ਕੌਂਸਲਰ ਹੈਰੀ ਬੈਂਸ ਨੇ ਕਿਹਾ ਕਿ ਫੋਕਸ ਨਿਊਟਨ ਟਾਸਕ ਫੋਰਸ ਰਾਹੀਂ ਪਿਛਲੇ ਡੇਡ਼ ਮਹੀਨੇ ਦੇ ਜਨਤਕ ਸਲਾਹ ਮਸ਼ਵਰੇ ਤੋਂ ਪਤਾ ਲੱਗਾ ਹੈ ਕਿ ਨਿਊਟਨ ਵਾਸੀ ਮਿਲਣ ਲਈ ਥਾਵਾਂ ਚਾਹੁੰਦੇ ਹਨ ਅਤੇ ਉਹ ਇਸ ਕਮਿਊਨਿਟੀ ਹਾਲ ਦਾ ਠੇਕਾ ਦਿੱਤੇ ਜਾਣ ਤੋਂ ਉਤਸ਼ਾਹਿਤ ਹੈ। ਇਸ ਨਾਲ ਕੰਮ ਅੱਗੇ ਵਧ ਸਕਦਾ ਹੈ। ਕੌਂਸਲਰ ਡੱਗ ਐਲਫਰਡ ਨੇ ਵੀ ਇਸੇ ਤਰ੍ਹਾਂ ਦੇ ਵਿਚਾਰ ਜ਼ਾਹਿਰ ਕੀਤੇ ਹਨ। ਉਨ੍ਹਾਂ ਕਿਹਾ ਕਿ ਉਹ ਵੀ ਇਸ ਦੇ ਅੱਗੇ ਵਧਣ ਤੋਂ ਖੁਸ਼ ਹੈ।




# ਮੁੱਖ ਮੰਤਰੀ ਵੱਲੋਂ ਵੱਡੇ ਸ਼ਹਿਰਾਂ 'ਚ ਸ਼ਟਲ ਬੱਸ ਸੇਵਾ ਸ਼ੁਰੂ ਕਰਨ ਦਾ ਐਲਾਨ

ਚੰਡੀਗੜ੍ਹ-ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ਦੇ ਵੱਡੇ ਸ਼ਹਿਰਾਂ 'ਚ ਸ਼ਟਲ ਬੱਸ ਸੇਵਾ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਇਸ ਗੱਲ ਦਾ ਪ੍ਰਗਟਾਵਾ ਮੁੱਖ ਮੰਤਰੀ ਨੇ ਟਰਾਂਸਪੋਰਟ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਇਹ ਸ਼ਟਲ ਬੱਸ ਸੇਵਾ ਲੋਕਾਂ ਨੂੰ ਮਿਆਰੀ ਜਨਤਕ ਟਰਾਂਸਪੋਰਟ ਸਹੂਲਤ ਮੁਹੱਈਆ ਕਰਵਾਏਗੀ। ਇਹ ਬੱਸ ਸੇਵਾ ਪਾਇਲਟ ਪ੍ਰਾਜੈਕਟ ਵਜੋਂ ਮੁਹਾਲੀ ਤੋਂ ਸ਼ੁਰੂ ਕੀਤੀ ਜਾਵੇਗੀ। ਇਸ ਤੋਂ ਬਾਅਦ ਇਹ ਸੇਵਾ ਸੂਬੇ ਦੇ ਹੋਰ ਵੱਡੇ ਸ਼ਹਿਰਾਂ ਤੇ ਕਸਬਿਆਂ 'ਚ ਵੀ ਚਲਾਈ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਸ਼ਟਲ ਬੱਸ ਸੇਵਾ ਨਾਲ ਟਰੈਫਿਕ ਜਾਮ ਤੋਂ ਇਲਾਵਾ ਵਾਤਾਵਰਨ ਪ੍ਰਦੂਸ਼ਣ ਦੀ ਸਮੱਸਿਆ ਵੀ ਘਟੇਗੀ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਉਹ ਇਸ ਸੇਵਾ ਬਾਰੇ ਸਾਰੀਆਂ ਲੋੜਾਂ ਜਲਦੀ ਪੂਰੀਆਂ ਕਰਨ ਤਾਂ ਕਿ ਇਸ ਨੂੰ ਛੇਤੀ ਤੋਂ ਛੇਤੀ ਸ਼ੁਰੂ ਕੀਤਾ ਜਾਵੇ। ਸ੍ਰੀ ਮਾਨ ਨੇ ਕਿਹਾ ਕਿ ਇਸ ਪ੍ਰਾਜੈਕਟ 'ਤੇ ਫੌਰੀ ਅਮਲ ਤੇ ਸਮਾਂਬੱਧ ਢੰਗ ਨਾਲ ਲਾਗੂ ਕਰਨ ਲਈ ਉਹ ਇਸ ਪ੍ਰਾਜੈਕਟ ਦੀ ਨਿੱਜੀ ਤੌਰ 'ਤੇ ਸਮੀਖਿਆ ਕਰਨਗੇ। ਮੀਟਿੰਗ 'ਚ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ, ਮੁੱਖ ਮੰਤਰੀ ਦੇ ਵਧੀਕ ਮੁੱਖ ਸਕੱਤਰ ਏ ਵੇਣੂ ਪ੍ਰਸਾਦ ਤੇ ਹੋਰ ਹਾਜ਼ਰ ਸਨ।

# ਸਰੀ ਕੌਂਸਲ ਵਲੋਂ ਤਿੰਨ 50, 46 ਤੇ 34 ਮੰਜ਼ਿਲਾਂ ਇਮਾਰਤਾਂ ਦੇ ਨਿਰਮਾਣ ਨੂੰ ਪ੍ਰਵਾਨਗੀ

ਸਰੀ-ਸੋਮਵਾਰ ਰਾਤ ਨੂੰ ਸਿਟੀ ਹਾਲ ਵਿਖੇ ਜਨਤਕ ਸੁਣਵਾਈ ਭਾਵ ਜਨਤਾ ਦੀ ਰਾਇ ਲੈਣ ਪਿੱਛੋਂ ਸਰੀ ਕੌਂਸਲ ਨੇ ਵੈਲ੍ਹੀ ਲਈ ਤਿੰਨ ਬਹੁ ਮੰਜ਼ਿਲਾ ਇਮਾਰਤਾਂ ਨੂੰ ਪ੍ਰਵਾਨਗੀ ਦੇ ਦਿੱਤੀ। ਪਹਿਲੀ ਅਰਜ਼ੀ ਵਿਚ 9787 ਕਿੰਗ ਜੌਰਜ ਬੁਲੇਵਾਰਡ ਵਿਖੇ 34 ਮੰਜ਼ਿਲਾ ਮਿਕਸਡ ਯੂਜ਼ ਟਾਵਰ ਹੈ ਜਿਸ ਵਿਚ ਚਾਰ ਮੰਜ਼ਿਲਾ ਪੋਡੀਅਮ, ਵਪਾਰਕ ਰਿਟੇਲ, ਦਫ਼ਤਰੀ ਥਾਂ ਅਤੇ ਉੱਪਰ 297 ਨਿਵਾਸ ਹੋਣਗੇ ਅਤੇ ਇਸ ਦੇ ਨਾਲ 69 ਨਿਵਾਸ ਵਾਲੀ 6 ਮੰਜ਼ਿਲਾ ਰੈਂਟਲ ਅਪਾਰਟਮੈਂਟ ਦੀ ਵੱਖਰੀ ਇਮਾਰਤ ਹੋਵੇਗੀ। ਦੂਸਰੀ ਅਰਜ਼ੀ ਵਿਚ 13425 ਅਤੇ 13455-107ਏ ਐਵੀਨਿਊ ਵਿਖੇ ਦੋ ਮਿਕਸਡ ਯੂਜ਼ ਟਾਵਰਾਂ ਦੀ ਉਸਾਰੀ ਸਬੰਧੀ ਹੈ। ਇਸ ਵਿਚ ਇਕ 50 ਮੰਜ਼ਲੀ ਤੇ ਦੂਸਰੀ 46 ਮੰਜ਼ਿਲਾ ਇਮਾਰਤ ਹੈ। ਇਸ ਵਿਚ 1180 ਰਿਹਾਇਸ਼ੀ ਯੂਨਿਟ ਅਤੇ ਜ਼ਮੀਨੀ ਮੰਜ਼ਿਲ ਦੀ ਵਾਪਰਕ ਥਾਂ ਹੋਵੇਗੀ। ਕੌਂਸਲ ਨੇ ਇਨ੍ਹਾਂ ਪ੍ਰਾਜੈਕਟਾਂ ਨੂੰ ਤੀਸਰੀ ਪੜ੍ਹਤ ਦੀ ਪ੍ਰਵਾਨਗੀ ਨਾਲ ਪਾਸ ਕੀਤਾ।

# 700 ਭਾਰਤੀ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਪ੍ਰਭਾਵਤ ਕਰਨ ਵਾਲੇ ਘੁਟਾਲੇ ਵਿਚ ਦੋਸ਼ ਲਗਾਏ

ਓਟਵਾ-ਕੈਨੇਡੀਅਨ ਬਾਰਡਰ ਸਰਵਿਸ ਏਜੰਸੀ (ਸੀਬੀਐਸਏ) ਨੇ ਭਾਰਤ ਦੇ 700 ਅੰਤਰਰਾਸ਼ਟਰੀ ਵਿਦਿਆਰਥੀਆਂ ਨਾਲ ਧੋਖਾਧੜੀ ਕਰਨ ਵਿਚ ਸ਼ਾਮਿਲ ਬ੍ਰਿਜੇਸ਼ ਮਿਸ਼ਰਾ ਖਿਲਾਫ ਦੋਸ਼ ਲਗਾਏ ਹਨ। ਇਹ ਦੋਸ਼ 700 ਭਾਰਤ ਦੇ ਵਿਦਿਆਰਥੀਆਂ ਕੈਨੇਡੀਅਨ ਵਿਦਿਅਕ ਸੰਸਥਾਵਾਂ ਵਿਚ ਦਾਖਲੇ ਲਈ ਜਾਅਲੀ ਸਵੀਕ੍ਰਿਤੀ ਪੱਤਰ ਜਾਰੀ ਕਰਨ ਦਾ ਪਤਾ ਲੱਗਣ ਪਿੱਛੋਂ ਲਗਾਏ ਗਏ ਹਨ। ਸੀਬੀਐਸਏ ਦੇ ਅਧਿਕਾਰੀਆਂ ਨੂੰ ਘੁਟਾਲੇ ਦਾ ਵਿਦਿਆਰਥੀਆਂ ਜਿਨ੍ਹਾਂ ਵਿਚੋਂ ਬਹੁਤੇ 2018-2019 ਵਿਚ ਪਹੁੰਚੇ ਸਨ ਵਲੋਂ ਕੈਨੇਡਾ ਵਿਚ ਪੀਆਰ ਲਈ ਅਪਲਾਈ ਕਰਨ ਪਿੱਛੋਂ ਪਤਾ ਲੱਗਾ। ਇਨ੍ਹਾਂ ਵਿੱਚੋਂ ਬਹੁਤੇ ਵਿਦਿਆਰਥੀ ਆਪਣੀ ਪੜ੍ਹਾਈ ਪਹਿਲਾਂ ਹੀ ਮੁਕੰਮਲ ਕਰ ਚੁੱਕੇ ਹਨ ਅਤੇ ਕੈਨੇਡੀਅਨ ਕੰਮ ਦਾ ਤਜਰਬਾ ਵੀ ਹਾਸਲ ਕਰ ਲਿਆ ਹੈ। ਵਿਦਿਆਰਥੀਆਂ ਨੇ ਐਜੂਕੇਸ਼ਨ ਮਾਈਗ੍ਰੇਸ਼ਨ ਸਰਵਸਿਜ਼ ਜਿਹੜੀ ਜਲੰਧਰ ਵਿਚ ਸਥਿਤ ਹੈ ਰਾਹੀਂ ਸਟੱਡੀ ਲਈ ਅਪਲਾਈ ਕੀਤਾ ਸੀ। ਕੰਪਨੀ ਦੇ ਮੁਖੀ ਮਿਸ਼ਰਾ ਨੇ ਕਾਲਜ ਵਿਚ ਦਾਖਲੇ ਅਤੇ ਵੀਜ਼ਾ ਅਰਜ਼ੀਆਂ ਲਈ ਵਿਦਿਆਰਥੀਆਂ ਤੋਂ ਹਜ਼ਾਰਾਂ ਡਾਲਰ ਲਏ ਸਨ। ਕੰਪਨੀ ਦਾ ਦਫ਼ਤਰ ਉਸ ਸਮੇਂ ਤੋਂ ਬੰਦ ਹੈ ਅਤੇ ਮਿਸ਼ਰਾ ਵੀ ਪਿਛਲੇ ਸਮੇਂ ਤਕ ਰੂਪੋਸ਼ ਰਿਹਾ। ਉਸ ਦੀ ਗ੍ਰਿਫ਼ਤਾਰੀ ਪਿੱਛੋਂ ਪਤਾ ਲੱਗਿਆ ਕਿ ਮਿਸ਼ਰਾ 2019 ਵਿਚ ਉਸ ਦਾ ਵੀਜ਼ਾ ਰੱਦ ਕੀਤੇ ਜਾਣ ਪਿੱਛੋਂ ਸਰੀ (ਬ੍ਰਿਟਿਸ਼ ਕੋਲੰਬੀਆ) ਵਿਚ ਗੈਰਕਾਨੂੰਨੀ ਤਰੀਕੇ ਨਾਲ ਰਹਿ ਰਿਹਾ ਸੀ। ਟੋਰਾਂਟੋ ਸਟਾਰ ਨੇ ਆਪਣੀ ਰਿਪੋਰਟ ਵਿਚ ਦੱਸਿਆ ਕਿ ਕੰਪਨੀ ਦੇ ਦੋ ਸਹਿ ਡਾਇਰੈਕਟਰਾਂ ਨੂੰ ਵੀ ਭਾਰਤ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਉਨ੍ਹਾਂ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਹੈ।

# ਨਿਊਟਨ ਗੋਲੀਬਾਰੀ ਲਈ ਕੈਲਗਰੀ ਦੇ ਵਿਅਕਤੀ ਖਿਲਾਫ ਇਰਾਦਾ ਕਤਲ ਦੇ ਦੋਸ਼

ਸਰੀ-ਨਿਊਟਨ ਵਿਚ 17 ਅਪ੍ਰੈਲ ਦੀ ਗੋਲੀਬਾਰੀ ਦੇ ਸਬੰਧ ਵਿਚ ਕੈਲਗਰੀ ਦੇ ਵਿਅਕਤੀ ਖਿਲਾਫ ਇਰਾਦਾ ਕਤਲ ਦੇ ਦੋਸ਼ ਲਗਾਏ ਗਏ ਹਨ। 19 ਸਾਲਾ ਅਕੋਚ ਪਿਓਟ ਖਿਲਾਫ ਅੱਗ ਲਗਾਉਣ, ਗੋਲੀ ਚਲਾਉਣ, ਮਨਾਹੀ ਵਾਲਾ ਹਥਿਆਰ ਤੇ ਅਸਲਾ ਕੋਲ ਰੱਖਣ ਦੇ ਵੀ ਦੋਸ਼ ਲਗਾਏ ਗਏ ਹਨ। 76 ਐਵੀਨਿਊ ਦੇ 14800 ਬਲਾਕ ਵਿਚ ਗੋਲੀਬਾਰੀ ਵਿਚ ਇਕ ਵਿਅਕਤੀ ਜ਼ਖ਼ਮੀ ਹੋ ਗਿਆ ਸੀ। ਗੋਲੀਆਂ ਇਕ ਮੋਟਰ ਗੱਡੀ 'ਤੇ ਚਲਾਈਆਂ ਗਈਆਂ ਸਨ ਅਤੇ ਚਿੱਟੇ ਰੰਗ ਦੀ ਵੈਨ ਮੌਕੇ ਤੋਂ ਫਰਾਰ ਹੋ ਗਈ ਸੀ। ਬਾਅਦ ਵਿਚ ਪੁਲਿਸ ਨੂੰ ਚਿੱਟੇ ਰੰਗ ਦੀ ਵੈਨ 147 ਸਟਰੀਟ ਅਤੇ 69 ਐਵੀਨਿਊ ਵਿਚਕਾਰ ਅੱਗ ਵਿਚ ਸੜਦੀ ਮਿਲੀ। ਸਰੀ ਦੇ ਆਰਸੀਐਮਪੀ ਕਾਰਪੋਰਲ ਵਨੇਸਾ ਮੁਨ ਨੇ ਕਿਹਾ ਕਿ ਪਿਓਟ ਨੂੰ 17 ਜੁਲਾਈ ਨੂੰ ਕੈਲਗਰੀ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਸਰੀ ਆਰਸੀਐਮਪੀ ਦੇ ਸੀਰੀਅਸ ਕਰਾਈਮ ਯੂਨਿਟ ਨੇ ਉਸ ਨੂੰ ਬੀਸੀ ਵਾਪਸ ਲਿਆਉਣ ਵਿਚ ਭੂਮਿਕਾ ਨਿਭਾਈ ਜਿਥੇ ਉਹ ਅਦਾਲਤ ਵਿਚ ਅਗਲੀ ਪੇਸ਼ੀ ਲਈ ਇੰਤਜ਼ਾਰ ਕਰ ਰਿਹਾ ਹੈ।

UNI GLOBAL IMMIGRATION
CONSULTING SERVICES LTD.
*Your Dream......Our Passion*
**For All Your Immigration Related Needs**
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers(TFW). We help employers in each and every step of acquiring Temporary Foreign Workers
rcic·cric
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage

(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com

KULDIP S PANESAR
Senior Mortgage Advisor
Cell: 604-308-6839





# ਈਸਟ ਇੰਡੀਅਨ ਡਿਫੈਂਸ ਕਮੇਟੀ ਵੱਲੋਂ ਸੋਹਣ ਸਿੰਘ ਪੂਨੀ ਦੀ ਪੁਸਤਕ 'ਸਲਾਮ ਬੰਗਾ' ਲੋਕ ਅਰਪਣ

ਸਰੀ (ਹਰਦਮ ਮਾਨ)-ਈਸਟ ਇੰਡੀਅਨ ਡਿਫੈਂਸ ਕਮੇਟੀ ਵੱਲੋਂ ਕੈਨੇਡਾ ਵਸਦੇ ਇਤਿਹਾਸਕਾਰ ਸੋਹਣ ਸਿੰਘ ਪੂਨੀ ਦੀ ਬੰਗਾ ਇਲਾਕੇ ਦੇ ਅਮੀਰ ਇਤਿਹਾਸ ਬਾਰੇ ਲਿਖੀ ਗਈ ਨਵ-ਪ੍ਰਕਾਸ਼ਿਤ ਪੁਸਤਕ 'ਸਲਾਮ ਬੰਗਾ' ਲੋਕ ਅਰਪਣ ਕਰਨ ਲਈ ਪ੍ਰੋਗਰੈਸਿਵ ਕਲਚਰਲ ਸੈਂਟਰ ਸਰੀ ਵਿਖੇ ਸਮਾਗਮ ਕਰਵਾਇਆ ਗਿਆ ਜਿਸ ਵਿਚ ਵੱਖ ਵੱਖ ਬੁਲਾਰਿਆਂ ਨੇ ਇਸ ਪੁਸਤਕ ਉੱਪਰ ਆਪਣੇ ਵਿਚਾਰ ਪੇਸ਼ ਕੀਤੇ। ਪੁਸਤਕ ਰਿਲੀਜ਼ ਕਰਨ ਦੀ ਰਸਮ ਸੋਹਣ ਸਿੰਘ ਪੂਨੀ ਦੀ ਸੁਪਤਨੀ ਵਿੰਮੀ ਨੇ ਅਦਾ ਕੀਤੀ। ਸਟੇਜ ਦੇ ਸੰਚਾਲਕ ਕਿਰਪਾਲ ਬੈਂਸ ਨੇ ਸਮਾਗਮ ਦਾ ਆਗਾਜ਼ ਕਰਦਿਆਂ ਸੋਹਣ ਸਿੰਘ ਪੂਨੀ ਅਤੇ 'ਸਲਾਮ ਬੰਗਾ' ਪੁਸਤਕ ਬਾਰੇ ਜਾਣ ਪਛਾਣ ਕਰਵਾਈ। ਉਨ੍ਹਾਂ ਕਿਹਾ ਕਿ ਇਸ ਪੁਸਤਕ ਵਿਚ ਬੰਗਾ ਇਲਾਕੇ ਦੇ ਮਾਣਮੱਤੇ ਇਤਿਹਾਸ ਅਤੇ ਵੱਖ ਵੱਖ ਖੇਤਰਾਂ ਵਿਚ ਨਾਮਣਾ ਖੱਟਣ ਵਾਲੀਆਂ ਸ਼ਖ਼ਸੀਅਤਾਂ ਦਾ ਖੋਜ ਭਰਪੂਰ ਵਰਨਣ ਕੀਤਾ ਗਿਆ ਹੈ। ਪੁਸਤਕ ਬਾਰੇ ਬੋਲਦਿਆਂ ਡਾ. ਸਾਧੂ ਬਿਨਿੰਗ ਨੇ ਕਿਹਾ ਕਿ ਇਸ ਕਿਤਾਬ ਦਾ ਹਰ ਸਫਾ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਲੇਖਕ ਨੂੰ ਬੰਗਾ ਇਲਾਕੇ ਦੇ ਲੋਕਾਂ ਨਾਲ ਅਥਾਹ ਪਿਆਰ ਹੈ। ਪ੍ਰੋ. ਕਸ਼ਮੀਰਾ ਸਿੰਘ ਨੇ ਕਿਹਾ ਕਿ ਸੋਹਣ ਸਿੰਘ ਪੂਨੀ ਇਤਿਹਾਸ ਦੇ ਖੋਜਕਾਰ ਹਨ ਅਤੇ ਇਸ ਪੁਸਤਕ ਵਿਚ ਉਨ੍ਹਾਂ ਦੀ ਖੋਜ, ਮਿਹਨਤ ਸਾਫ਼ ਝਲਕਦੀ ਹੈ ਅਤੇ ਇਹ ਖੋਜ ਸੱਚ ਦੇ ਬਹੁਤ ਨੇੜੇ ਹੈ। ਸਤਵੰਤ ਦੀਪਕ ਨੇ ਕਿਹਾ ਕਿ ਇਸ ਪੁਸਤਕ ਨੂੰ ਰਸੂਲ ਹਮਜ਼ਾਤੋਵ ਦੀ ਕਿਤਾਬ 'ਮੇਰਾ ਦਾਗਿਸਤਾਨ' ਦੇ ਬਰਾਬਰ ਦੀ ਰਚਨਾ ਕਹਿ ਸਕਦੇ ਹਾਂ। ਨਾਮਵਰ ਵਿਦਵਾਨ ਡਾ. ਸਾਧੂ ਸਿੰਘ ਨੇ ਕਿਹਾ ਕਿ ਸਾਡੀ ਬਦਕਿਸਮਤੀ ਹੈ ਕਿ ਅਸੀਂ ਜਾਤਾਂ, ਧਰਮਾਂ, ਖਿੱਤਿਆਂ ਵਿਚ ਵੰਡੇ ਹੋਏ ਹਾਂ ਪਰ ਉਨ੍ਹਾਂ ਵਿਚ ਵੰਡੇ ਹੋਏ



ਲੋਕ ਸਾਰੇ ਮਾੜੇ ਨਹੀਂ ਹੁੰਦੇ,ਚੰਗੇ ਵੀ ਬਹੁਤ ਹਨ। ਲੇਖਕ ਨੇ ਸਾਰੀਆਂ ਧਿਰਾਂ ਵੱਲ ਦੇਖਣਾ ਹੁੰਦਾ ਹੈ ਅਤੇ ਬੇਹੱਦ ਮਿਹਨਤੀ ਤੇ ਖੋਜ ਬਿਰਤੀ ਦੇ ਮਾਲਕ ਸੋਹਣ ਸਿੰਘ ਪੂਨੀ ਨੇ ਲੇਖਕ ਅਤੇ ਇਤਿਹਾਸਕਾਰ ਦੀ ਜ਼ਿੰਮੇਵਾਰੀ ਨੂੰ ਇਸ ਪੁਸਤਕ ਵਿਚ ਬਾਖ਼ੂਬੀ ਨਿਭਾਇਆ ਹੈ। ਨਾਮਵਰ ਆਲੋਚਕ ਡਾ. ਰਘਬੀਰ ਸਿੰਘ ਸਿਰਜਣਾ ਨੇ ਕਿਹਾ ਕਿ ਲੇਖਕ ਦੀਆਂ ਯਾਦਾਂ ਅਤੇ ਜੀਵਨੀ ਨਾਲ ਜੁੜੀ ਇਹ ਪੁਸਤਕ ਬੰਗਾ ਇਲਾਕੇ ਅਤੇ ਇਤਿਹਾਸ ਦਾ ਮਹੱਤਵਪੂਰਨ ਦਸਤਾਵੇਜ ਹੈ। ਪੁਸਤਕ ਉਪਰ ਮੁਖਤਿਆਰ ਸਿੰਘ ਬੋਪਾਰਾਏ, ਮੱਖਣ ਸਿੰਘ ਟੂੱਟ, ਮਿੱਠਾ ਸਿੰਘ ਨੇ ਵੀ ਵਿਚਾਰ ਪੇਸ਼ ਕੀਤੇ ਅਤੇ ਦਰਸ਼ਨ ਖਟਕੜ, ਡਾ. ਸੁਰਿੰਦਰ ਧੰਜਲ ਅਤੇ ਪਰਮਿੰਦਰ ਸਵੈਚ ਨੇ ਨੇ ਆਪਣੇ ਸੁਨੇਹਿਆਂ ਰਾਹੀਂ ਇਸ ਪੁਸਤਕ ਲਈ ਸੋਹਣ ਸਿੰਘ ਪੂਨੀ ਨੂੰ ਮੁਬਾਰਕਬਾਦ ਦਿੱਤੀ। ਪੁਸਤਕ ਦੇ ਲੇਖਕ ਸੋਹਣ ਸਿੰਘ ਪੂਨੀ ਨੇ ਅੰਤ ਵਿਚ ਸਾਰੇ ਵਿਦਵਾਨਾਂ, ਬੁਲਾਰਿਆਂ, ਈਸਟ ਇੰਡੀਅਨ ਡਿਫੈਂਸ ਕਮੇਟੀ ਦੇ ਸਾਰੇ ਮੈਂਬਰਾਂ ਅਤੇ ਹਾਜਰ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ। ਉਨ੍ਹਾਂ ਇਸ ਮੌਕੇ ਕਾਮਾਗਾਟਾਮਾਰੂ ਜਹਾਜ਼ ਦੀ ਵਰ੍ਹੇਗੰਢ ਬਾਰੇ ਵਿਚਾਰ ਪੇਸ਼ ਕਰਦਿਆਂ ਦੱਸਿਆ ਕਿ 23 ਜੁਲਾਈ ਨੂੰ 1914 ਨੂੰ ਇਸ ਜਹਾਜ਼ ਦੀ ਵਾਪਸੀ ਹੋਈ ਸੀ। ਉਨ੍ਹਾਂ ਵਿਸਥਾਰ ਵਿਚ ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫ਼ਰਾਂ ਨੂੰ ਵੈਨਕੂਵਰ ਬੰਦਰਗਾਹ ਉਤਰਨ ਦੀ ਆਗਿਆ ਨਾ ਦੇਣ ਪਿੱਛੇ ਹਕੂਮਤ ਦੀ ਮਨਸ਼ਾ, ਉਸ ਸਮੇਂ ਦੇ ਹਾਲਾਤ, ਭਾਈਚਾਰੇ ਦੇ ਲੋਕਾਂ ਅਤੇ ਸੋਸ਼ਲਿਸਟ ਪਾਰਟੀ ਦੇ ਕਾਰਕੁਨਾਂ ਵੱਲੋਂ ਜਹਾਜ਼ ਦੇ ਮੁਸਾਫ਼ਰਾਂ ਦੀ ਮਦਦ ਲਈ ਕੀਤੇ ਯਤਨਾਂ ਦਾ ਇਤਿਹਾਸ ਵਰਨਣ ਕੀਤਾ।






# ਟਾਈਟਲਰ 5 ਅਗਸਤ ਨੂੰ ਅਦਾਲਤ ਵਿਚ ਤਲਬ



ਨਵੀਂ ਦਿੱਲੀ (ਮਨਧੀਰ ਸਿੰਘ ਦਿਓਲ)-ਇਥੋਂ ਦੀ ਇਕ ਅਦਾਲਤ ਨੇ 1984 ਦੇ ਸਿੱਖ ਕਤਲੇਆਮ ਦੌਰਾਨ ਪੁਲ ਬੰਗਸ਼ ਗੁਰਦੁਆਰੇ 'ਚ ਵਾਪਰੇ ਹੱਤਿਆ ਕਾਂਡ ਨਾਲ ਸਬੰਧਤ ਮਾਮਲੇ ਵਿੱਚ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਨੂੰ ਸੰਮਨ ਜਾਰੀ ਕਰਕੇ 5 ਅਗਸਤ ਨੂੰ ਅਦਾਲਤ 'ਚ ਪੇਸ਼ ਹੋਣ ਦੇ ਨਿਰਦੇਸ਼ ਦਿੱਤੇ ਹਨ। ਵਧੀਕ ਚੀਫ਼ ਮੈਟਰੋਪਾਲਿਟਨ ਮੈਜਿਸਟਰੇਟ ਵਿਧੀ ਗੁਪਤਾ ਆਨੰਦ ਨੇ ਸੀਬੀਆਈ ਵੱਲੋਂ ਦਾਖ਼ਲ ਚਾਰਜਸ਼ੀਟ ਦਾ ਨੋਟਿਸ ਲੈਂਦਿਆਂ ਇਹ ਹੁਕਮ ਦਿੱਤੇ ਹਨ। ਸੀਬੀਆਈ ਨੇ 20 ਮਈ ਨੂੰ ਟਾਈਟਲਰ ਖ਼ਿਲਾਫ਼ ਚਾਰਜਸ਼ੀਟ ਦਾਇਰ ਕੀਤੀ ਸੀ। ਚਾਰਜਸ਼ੀਟ ਵਿੱਚ ਸੀਬੀਆਈ ਨੇ ਕਿਹਾ ਕਿ ਟਾਈਟਲਰ ਨੇ ਪਹਿਲੀ ਨਵੰਬਰ, 1984 ਨੂੰ ਪੁਲ ਬੰਗਸ਼ ਗੁਰਦੁਆਰੇ ਦੇ ਬਾਹਰ ਇਕੱਠੀ ਹੋਈ ਭੀੜ ਨੂੰ ਉਕਸਾਇਆ ਸੀ।

# ਮਨੀਪੁਰ ਘਟਨਾ ਦੀ ਜਾਂਚ ਸੀਬੀਆਈ ਨੂੰ ਸੌਂਪੀ-ਕੇਂਦਰ

ਸਫ਼ਾ 1 ਦੀ ਬਾਕੀ

ਅਤੇ ਸੁਰੱਖਿਆ ਬਲਾਂ ਵਿਚਕਾਰ ਗੋਲੀਬਾਰੀ ਹੋਈ। ਅਧਿਕਾਰੀਆਂ ਨੇ ਕਿਹਾ ਕਿ ਕਿਸੇ ਜਾਨੀ ਨੁਕਸਾਨ ਬਾਰੇ ਅਜੇ ਕੋਈ ਸਪੱਸ਼ਟ ਜਾਣਕਾਰੀ ਨਹੀਂ ਮਿਲੀ ਹੈ। ਅਧਿਕਾਰੀਆਂ ਨੇ ਕਿਹਾ ਕਿ ਇਹ ਘਟਨਾ ਉਸ ਸਮੇਂ ਵਾਪਰੀ ਹੈ ਜਦੋਂ ਇਕ ਦਿਨ ਪਹਿਲਾਂ ਕਾਂਗਪੋਕਪੀ ਜ਼ਿਲ੍ਹੇ 'ਚ ਦੰਗਾਕਾਰੀਆਂ ਨੇ ਸੁਰੱਖਿਆ ਬਲਾਂ ਨੂੰ ਲਿਜਾਣ ਵਾਲੀਆਂ ਦੋ ਬੱਸਾਂ ਫੂਕ ਦਿੱਤੀਆਂ ਸਨ। ਇਹ ਘਟਨਾ ਸਾਪੋਰਮੀਨਾ 'ਚ ਵਾਪਰੀ ਜਦੋਂ ਬੱਸਾਂ ਦੀਮਾਪੁਰ ਤੋਂ ਆ ਰਹੀਆਂ ਸਨ। ਸਥਾਨਕ ਲੋਕਾਂ ਨੇ ਮਨੀਪੁਰ ਰਜਿਸਟਰੇਸ਼ਨ ਨੰਬਰ ਵਾਲੀਆਂ ਇਨ੍ਹਾਂ ਬੱਸਾਂ ਨੂੰ ਰੋਕ ਕੇ ਉਸ ਦੀ ਚੈਕਿੰਗ 'ਤੇ ਜ਼ੋਰ ਦਿੱਤਾ ਤਾਂ ਜੋ ਪਤਾ ਲਾਇਆ ਜਾ ਸਕੇ ਕਿ ਉਨ੍ਹਾਂ 'ਚ ਦੂਜੇ ਭਾਈਚਾਰਿਆਂ ਦਾ ਕੋਈ ਮੈਂਬਰ ਸਵਾਰ ਨਾ ਹੋਵੇ। ਬਾਅਦ 'ਚ ਕੁਝ ਨੇ ਬੱਸਾਂ ਨੂੰ ਅੱਗ ਲਗਾ ਦਿੱਤੀ। ਉਧਰ ਮੁੱਖ ਮੰਤਰੀ ਐੱਨ ਬੀਰੇਨ ਸਿੰਘ ਨੇ ਕਿਹਾ ਕਿ ਇੰਫਾਲ ਦੇ ਸਜੀਵਾ ਅਤੇ ਥੋਊਬਲ ਜ਼ਿਲ੍ਹੇ ਦੇ ਯਾਇਥਬੀ ਲੋਊਕੋਲ 'ਚ ਆਰਜ਼ੀ ਮਕਾਨਾਂ ਦੀ ਉਸਾਰੀ ਮੁਕੰਮਲ ਹੋਣ ਨੇੜੇ ਹੈ। ਮੁੱਖ ਮੰਤਰੀ ਨੇ ਟਵਿੱਟਰ 'ਤੇ ਲਿਖਿਆ,"ਛੇਤੀ ਹੀ ਰਾਹਤ ਕੈਂਪਾਂ 'ਚ ਰਹਿ ਰਹੇ ਪਰਿਵਾਰਾਂ ਨੂੰ ਇਨ੍ਹਾਂ ਘਰਾਂ 'ਚ ਭੇਜਿਆ ਜਾਵੇਗਾ। ਸੂਬਾ ਸਰਕਾਰ ਪਹਾੜਾਂ ਅਤੇ ਵਾਦੀ 'ਚ ਹੋਈ ਹਿੰਸਾ ਤੋਂ ਪ੍ਰਭਾਵਿਤ ਲੋਕਾਂ ਦੇ ਮੁੜ ਵਸੇਬੇ ਲਈ ਸਾਰੇ ਹਰ ਸੰਭਵ ਕਦਮ ਉਠਾ ਰਹੀ ਹੈ।" ਮੁੱਖ ਮੰਤਰੀ ਨੇ ਪਿਛਲੇ ਮਹੀਨੇ ਕਿਹਾ ਸੀ ਕਿ ਉਨ੍ਹਾਂ ਦੀ ਸਰਕਾਰ ਹਿੰਸਾ ਕਾਰਨ ਆਪਣਾ ਘਰ-ਬਾਰ ਛੱਡ ਚੁੱਕੇ ਲੋਕਾਂ ਲਈ 3 ਤੋਂ 4 ਹਜ਼ਾਰ ਘਰ ਬਣਾਏਗੀ।

# ਵਿਰੋਧੀ ਧਿਰਾਂ 'ਇੰਡੀਆ' ਨਾਂ ਵਰਤ ਕੇ ਗੁਮਰਾਹ ਨਹੀਂ ਕਰ ਸਕਦੀਆਂ-ਮੋਦੀ



ਨਵੀਂ ਦਿੱਲੀ-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਿਰੋਧੀ ਧਿਰਾਂ ਦੇ ਗੱਠਜੋੜ 'ਇੰਡੀਆ' ਦਾ ਮਖੌਲ ਉਡਾਉਂਦਿਆਂ ਕਿਹਾ ਕਿ ਦੇਸ਼ ਨੇ ਇਸ ਤੋਂ ਦਿਸ਼ਾਹੀਣ ਗੱਠਜੋੜ ਨਹੀਂ ਦੇਖਿਆ। ਉਨ੍ਹਾਂ ਈਸਟ ਇੰਡੀਆ ਕੰਪਨੀ, ਪਾਪਲੂਰ ਫਰੰਟ ਆਫ ਇੰਡੀਆ (ਪੀ ਐੱਫ ਆਈ) ਤੇ ਇੰਡੀਅਨ ਮੁਜਾਹਿਦੀਨ ਜਿਹੇ ਨਾਵਾਂ ਦੇ ਹਵਾਲੇ ਨਾਲ ਕਿਹਾ ਕਿ ਮਹਿਜ਼ ਦੇਸ਼ ਦਾ ਨਾਂ ਵਰਤ ਕੇ ਲੋਕਾਂ ਨੂੰ ਗੁਮਰਾਹ ਨਹੀਂ ਕੀਤਾ ਜਾ ਸਕਦਾ। ਇਥੇ ਭਾਜਪਾ ਸੰਸਦੀ ਦਲ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਸ੍ਰੀ ਮੋਦੀ ਨੇ ਦਾਅਵਾ ਕੀਤਾ ਕਿ ਭਾਜਪਾ ਦੀ ਅਗਵਾਈ ਵਾਲਾ ਸੱਤਾਧਾਰੀ ਗੱਠਜੋੜ 2024 ਦੀਆਂ ਲੋਕ ਸਭਾ ਚੋਣਾਂ ਵਿਚ ਤੀਜੀ ਵਾਰ ਕੇਂਦਰ 'ਚ ਸਰਕਾਰ ਬਣਾਏਗਾ। ਸ੍ਰੀ ਮੋਦੀ ਨੇ ਕਿਹਾ ਕਿ ਵਿਰੋਧੀ ਧਿਰਾਂ ਉਮੀਦ ਹਾਰ ਚੁੱਕੀਆਂ ਹਨ ਤੇ ਦਿਸ਼ਾਹੀਣ ਹਨ, ਉਨ੍ਹਾਂ ਦਾ ਵਤੀਰਾ ਦੱਸਦਾ ਹੈ ਕਿ ਉਨ੍ਹਾਂ ਲੰਮਾ ਸਮਾਂ ਵਿਰੋਧੀ ਧਿਰ ਵਿੱਚ ਬੈਠਣ ਦਾ ਮਨ ਬਣਾ ਲਿਆ ਹੈ। ਉਨ੍ਹਾਂ ਐੱਨਡੀਏ ਨੂੰ ਅਟਲ ਬਿਹਾਰੀ ਵਾਜਪਾਈ ਤੇ ਲਾਲ ਕ੍ਰਿਸ਼ਨ ਅਡਵਾਨੀ ਜਿਹੇ ਆਗੂਆਂ ਦੀ ਵਿਰਾਸਤ ਦੱਸਿਆ। ਪ੍ਰਧਾਨ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਵਿੱਚ ਭਾਰਤੀ ਅਰਥਚਾਰਾ ਦਸਵੇਂ ਨੰਬਰ ਤੋਂ ਵਿਸ਼ਵ ਦਾ ਪੰਜਵਾਂ ਸਭ ਤੋਂ ਵੱਡਾ ਅਰਥਚਾਰਾ ਬਣਿਆ ਅਤੇ ਸਰਕਾਰ ਦੇ ਤੀਜੇ ਕਾਰਜਕਾਲ ਦੌਰਾਨ ਇਹ ਤੀਜਾ ਸਭ ਤੋਂ ਵੱਡਾ ਅਰਚਥਾਰਾ ਹੋਵੇਗਾ। ਸ੍ਰੀ ਮੋਦੀ ਨੇ ਪਾਰਟੀ ਵਰਕਰਾਂ ਨੂੰ ਕਿਹਾ ਕਿ ਉਹ ਦੇਸ਼ ਨੂੰ ਵਿਕਸਤ ਬਣਾਉਣ ਵਿੱਚ ਮਦਦ ਲਈ ਪੂਰੇ ਦ੍ਰਿੜ੍ਹ ਇਰਾਦੇ ਨਾਲ ਕੰਮ ਕਰਨ। ਗੱਠਜੋੜ ਦਾ ਨਾਮ 'ਇੰਡੀਆ' ਰੱਖਣ ਲਈ ਵਿਰੋਧੀ ਧਿਰਾਂ ਨੂੰ ਘੇਰਦਿਆਂ ਸ੍ਰੀ ਮੋਦੀ ਨੇ ਈਸਟ ਇੰਡੀਆ ਕੰਪਨੀ, ਪਾਪੂਲਰ ਫਰੰਟ ਆਫ ਇੰਡੀਆ ਤੇ ਇੰਡੀਅਨ ਮੁਜਾਹਿਦੀਨ ਜਿਹੀਆਂ ਜਥੇਬੰਦੀਆਂ ਦੇ ਇਤਿਹਾਸ ਦਾ ਹਵਾਲਾ ਦਿੱਤਾ, ਜਿਨ੍ਹਾਂ ਦੇਸ਼ ਦਾ ਨਾਮ ਵਰਤਿਆ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਅਜਿਹੇ ਗੱਠਜੋੜ ਭ੍ਰਿਸ਼ਟ ਆਗੂਆਂ ਤੇ ਪਾਰਟੀਆਂ ਦਾ ਸਮੂਹ ਹੈ। ਮੀਟਿੰਗ ਵਿੱਚ ਸ਼ਾਮਲ ਸੂਤਰਾਂ ਮੁਤਾਬਕ ਸ੍ਰੀ ਮੋਦੀ ਨੇ ਕਿਹਾ ਕਿ ਇੰਡੀਅਨ ਨੈਸ਼ਨਲ ਕਾਂਗਰਸ, ਜੋ ਮੁੱਖ ਵਿਰੋਧੀ ਪਾਰਟੀ ਹੈ, ਦਾ ਨਾਮ ਵੀ ਇਕ ਅੰਗਰੇਜ਼ ਏ.ਓ.ਹਿਊਮ ਨੇ ਰੱਖਿਆ ਸੀ। ਉਨ੍ਹਾਂ ਕਿਹਾ ਕਿ ਜਿਹੜੀਆਂ ਜਥੇਬੰਦੀਆਂ ਦੇਸ਼ ਨੂੰ ਤੋੜਨਾ ਤੇ ਰਾਜ ਕਰਨਾ ਚਾਹੁੰਦੀਆਂ ਹਨ, ਜਿਹੜੀਆਂ ਇਸ ਨੂੰ ਵੰਡਣਾ ਚਾਹੁੰਦੀਆਂ ਹਨ, ਉਨ੍ਹਾਂ ਨੇ ਲੋਕਾਂ ਨੂੰ ਗੁਮਰਾਹ ਕਰਨ ਲਈ 'ਇੰਡੀਆ' ਤੇ 'ਇੰਡੀਅਨ' ਜਿਹੇ ਨਾਵਾਂ ਦੀ ਵਰਤੋਂ ਕੀਤੀ ਹੈ। ਸ੍ਰੀ ਮੋਦੀ ਨੇ ਜ਼ੋਰ ਦੇ ਕੇ ਆਖਿਆ ਕਿ ਲੋਕ ਹੁਣ ਸਿਆਣੇ ਹੋ ਗਏ ਹਨ ਤੇ ਉਹ ਅਜਿਹੇ ਨਾਮਕਰਨ ਤੋਂ ਗੁਮਰਾਹ ਨਹੀਂ ਹੋਣਗੇ। ਭਾਜਪਾ ਵੱਲੋਂ ਵਿਰੋਧੀ ਧਿਰਾਂ 'ਤੇ ਸੰਸਦੀ ਕਾਰਵਾਈ ਵਿੱਚ ਵਿਘਨ ਪਾਉਣ ਦੇ ਲਾਏ ਦੋਸ਼ਾਂ ਦਰਮਿਆਨ ਸ੍ਰੀ ਮੋਦੀ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਜ਼ਿਆਦਾ ਗੈਰ-ਜ਼ਿੰਮੇਵਾਰ ਹੋ ਗਈਆਂ ਹਨ, ਜਿਸ ਨਾਲ ਸੱਤਾਧਾਰੀ ਪਾਰਟੀ ਲਈ ਵਧੇਰੇ ਜ਼ਿੰਮੇਵਾਰੀ ਨਾਲ ਵਿਵਹਾਰ ਕਰਨਾ ਜ਼ਰੂਰੀ ਹੋ ਗਿਆ ਹੈ। ਸ੍ਰੀ ਮੋਦੀ ਨੇ ਆਪਣੇ ਸੰਬੋਧਨ ਵਿੱਚ ਭਾਜਪਾ ਦੀ ਅਗਵਾਈ ਵਾਲੇ ਕੌਮੀ ਜਮਹੂਰੀ ਗੱਠਜੋੜ ਦੀ ਹਾਲੀਆ ਮੀਟਿੰਗ ਦਾ ਵੀ ਹਵਾਲਾ ਦਿੱਤਾ। ਉਨ੍ਹਾਂ ਕਿਹਾ ਕਿ ਐੱਨਡੀਏ ਅਟਲ ਬਿਹਾਰੀ ਵਾਜਪਾਈ ਤੇ ਲਾਲ ਕ੍ਰਿਸ਼ਨ ਅਡਵਾਨੀ ਵਰਗੇ ਭਾਜਪਾ ਦੇ ਕੱਦਾਵਰ ਆਗੂਆਂ ਦੀ ਵਿਰਾਸਤ ਹੈ। ਉਨ੍ਹਾਂ ਭਾਈਵਾਲਾਂ ਨਾਲ ਮਜ਼ਬੂਤ ਤੇ ਨਿੱਘੇ ਰਿਸ਼ਤੇ ਰੱਖਣ 'ਤੇ ਜ਼ੋਰ ਦਿੱਤਾ। ਉਨ੍ਹਾਂ ਪਾਰਟੀ ਆਗੂਆਂ ਨੂੰ ਕਿਹਾ ਕਿ ਉਹ 15 ਅਗਸਤ ਨੂੰ ਅਜ਼ਾਦੀ ਦਿਹਾੜੇ ਦੇ ਸਬੰਧ ਵਿੱਚ ਦੇਸ਼ ਭਰ ਵਿੱਚ 'ਹਰ ਘਰ ਤਿਰੰਗਾ' ਸਣੇ ਹੋਰ ਕਈ ਪ੍ਰੋਗਰਾਮ ਕਰਨ। ਇਸ ਦੌਰਾਨ ਪਾਰਟੀ ਆਗੂਆਂ ਨੇ ਦੇਸ਼ ਭਰ ਵਿਚੋਂ ਬੂਟੇ ਲਿਆ ਕੇ 'ਅਮ੍ਰਿਤ ਵਨ' ਬਣਾਉਣ ਦੀ ਵੀ ਯੋਜਨਾ ਹੈ।

# ਮੈਨੂੰ ਲੱਗਦੈ ਪ੍ਰਧਾਨ ਮੰਤਰੀ ਨੂੰ 'ਇੰਡੀਆ' ਨਾਂ ਪਸੰਦ ਆਇਐ-ਮਮਤਾ



ਕੋਲਕਾਤਾ-ਵਿਰੋਧੀ ਧਿਰਾਂ ਦੇ ਗੱਠਜੋੜ 'ਇੰਡੀਆ' ਬਾਰੇ ਟਿੱਪਣੀਆਂ ਨੂੰ ਲੈ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਤਨਜ਼ ਕਸਦਿਆਂ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਅੱਜ ਕਿਹਾ ਕਿ ਸ਼ਾਇਦ ਸ੍ਰੀ ਮੋਦੀ ਨੂੰ ਇਹ ਨਾਂ ਪਸੰਦ ਆਇਆ ਹੈ। ਰਾਜ ਭਵਨ ਵਿੱਚ ਰਾਜਪਾਲ ਸੀ.ਵੀ.ਆਨੰਦਾ ਬੋਸ ਨਾਲ ਸੰਖੇਪ ਮੀਟਿੰਗ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬੈਨਰਜੀ ਨੇ ਕਿਹਾ ਕਿ ਭਾਜਪਾ ਵਿਰੋਧੀ ਧਿਰ ਬਾਰੇ ਜਿੰਨਾ ਵੱਧ ਮਾੜਾ ਬੋਲੇਗੀ, ਓਨਾ ਉਹ ਇਸ ਨਾਂ ਬਾਰੇ ਆਪਣੀ ਪਸੰਦ ਸਾਬਤ ਕਰਨਗੇ। ਮੁੱਖ ਮੰਤਰੀ ਨੇ ਕਿਹਾ, "ਸਾਡੇ ਪ੍ਰਧਾਨ ਮੰਤਰੀ ਦਾ ਧੰਨਵਾਦ। ਮੈਨੂੰ ਲੱਗਦਾ ਹੈ ਕਿ ਉਨ੍ਹਾਂ ਨੂੰ 'ਇੰਡੀਆ' ਨਾਮ ਪਸੰਦ ਆਇਆ। ਆਮ ਲੋਕਾਂ ਵਾਂਗ ਉਨ੍ਹਾਂ ਨੇ ਵੀ ਇਸ (ਨਾਮ) ਨੂੰ ਸਵੀਕਾਰ ਕੀਤਾ ਹੈ। ਜਿੰਨਾ ਉਹ ਇਸ ਨਾਮ ਬਾਰੇ ਮਾੜਾ ਬੋਲਣਗੇ, ਓਨਾ ਉਹ ਇਸ ਬਾਰੇ ਆਪਣੀ ਪਸੰਦ ਸਾਬਤ ਕਰਨਗੇ।"

ਸੁਪਰ ਵੀਜ਼ਾ ਇੰਸ਼ੋਰੈਂਸ
ਮੰਥਲੀ ਪੇਮੈਂਟ ਪਲੈਨ • 45% ਤੱਕ ਡਿਸਕਾਊਂਟ*
• ਲਾਈਫ • ਡਿਸੇਬਿਲਿਟੀ • ਕ੍ਰਿਟੀਕਲ ਇਲਨੈਸ
• ਬੱਚਿਆਂ ਲਈ ਇੰਸ਼ੋਰੈਂਸ • ਹੈਲਥ • ਟਰੈਵਲ • ਵਿਜ਼ਟਰ
ਇੰਡੀਪੈਂਡੇਂਟ ਬਰੋਕਰਜ਼ ਹੋਣ ਦੇ ਨਾਤੇ ਅਸੀਂ ਤੁਹਾਨੂੰ ਕਨੇਡਾ ਦੀਆਂ ਸਾਰੀਆਂ ਮੇਜਰ ਇੰਸ਼ੋਰੈਂਸ ਕੰਪਨੀਆਂ ਤੋਂ ਵਾਜਿਬ ਰੇਟ ਅਤੇ ਵਧੀਆ ਬੈਨੀਫਿਟਸ ਲੈ ਕੇ ਦਿੰਦੇ ਹਾਂ
YOUR INSURANCE ADVISOR
JATINDER SINGH BHATIA
Former Advocate (India)
ਜਤਿੰਦਰ ਸਿੰਘ ਭਾਟੀਆ
778.848.1287
jatinder.insurance@hotmail.com
14768-69A Ave, SURREY BC
*WITH DEDUCTIBLE.

India Bookworld
Shop Online At:
www.indiabookworld.ca
ਹੱਸਦੇ ਰਹੋ ਹਸਾਉਂਦੇ ਰਹੋ
ਕਿਤਾਬਾਂ ਹੀ ਕਿਤਾਬਾਂ
ਧਰਮ, ਸੱਭਿਆਚਾਰ, ਇਤਿਹਾਸ, ਭਾਸ਼ਾ ਸਿੱਖਣ, ਬੱਚੇ, ਯੋਗਾ ਅਤੇ ਸਿਹਤ, ਰਸੋਈ, ਕਲਾ ਅਤੇ ਫਿਲਮਾਂ, ਜੋਤਿਸ਼ ਅਤੇ ਅੰਕ ਵਿਗਿਆਨ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਬੰਗਾਲੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ।
A HISTORY OF THE SIKHS
KHUSHWANT SINGH
CONDITION OF The Sikhs in CANADA 1901-2001
Gurcharan Singh
ਧੁੱਪਾਂ-ਛਾਂਵਾਂ
ਅਣਗਾਹੇ ਰਾਹ
604-593-5967 | 604-595-2923
Follow us at #
#117B-12888 - 80 Ave., Surrey
E: info@indiabookworld.ca

idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ
iccrc crcic
CANADA IMMIGRATION
• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪੋਗਰਾਮ 'ਚ ਤਬਦੀਲੀਆਂ
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com



# ਸਰਹੱਦੀ ਪਿੰਡਾਂ 'ਚ ਮੁੜ ਹੜ੍ਹ ਨੇ ਤਬਾਹੀ ਮਚਾਈ, ਪਿੰਡ ਰਾਮ ਸਿੰਘ ਭੈਣੀ ਅਤੇ ਆਸਪਾਸ ਦੀ 400 ਏਕੜ ਫਸਲ ਬਰਬਾਦ

ਫ਼ਾਜ਼ਿਲਕਾ-ਫਾਜ਼ਿਲਕਾ ਦੇ ਸਰਹੱਦੀ ਪਿੰਡਾਂ ਵਿਚ ਵਗਦੇ ਸਤਲੁਜ ਦਰਿਆ ਦੇ ਪਾਣੀ ਦਾ ਪੱਧਰ ਲਗਾਤਾਰ ਵਧਦਾ ਜਾ ਰਿਹਾ ਹੈ, ਜਿਸ ਤੋਂ ਬਾਅਦ ਇੱਥੇ ਰਹਿੰਦੇ ਕਈ ਕਿਸਾਨਾਂ ਦੀ ਸੈਂਕੜੇ ਏਕੜ ਫਸਲ ਤਬਾਹ ਹੋ ਗਈ ਹੈ। ਕੁਝ ਕਿਸਾਨਾਂ ਨੇ ਦੁਬਾਰਾ ਝੋਨਾ ਲਾਇਆ ਸੀ ਅਤੇ ਇੱਕ ਵਾਰ ਫਿਰ ਉਨ੍ਹਾਂ ਦੀ ਝੋਨੇ ਦੀ ਫ਼ਸਲ ਹੜ੍ਹਾਂ ਕਾਰਨ ਬਰਬਾਦ ਹੋ ਗਈ ਹੈ। ਸਤਲੁਜ ਦਰਿਆ ਨੇੜਲੇ ਪਿੰਡ ਰਾਮ ਸਿੰਘ ਵਾਲੀ ਭੈਣੀ ਦੇ ਕਿਸਾਨ ਵੀ ਝੋਨੇ ਦੀ ਫ਼ਸਲ ਦੂਜੀ ਵਾਰ ਤਬਾਹ ਹੋਣ ਕਾਰਨ ਨਿਰਾਸ਼ ਹਨ। ਕਿਸਾਨ ਰਾਜ ਸਿੰਘ ਨੇ ਦੱਸਿਆ ਕਿ ਉਸ ਨੇ ਕਰੀਬ 11 ਏਕੜ ਰਕਬੇ ਵਿੱਚ ਝੋਨੇ ਦੀ ਲਵਾਈ ਕੀਤੀ ਸੀ, ਜਿਸ ਤੋਂ ਬਾਅਦ ਉਸ ਦੀ ਫਸਲ ਹੜ੍ਹ ਨਾਲ ਬਰਬਾਦ ਹੋ ਗਈ। ਇਸ ਦੇ ਨਾਲ ਹੀ ਉਸ ਨੇ ਇਕ ਵਾਰ ਫਿਰ ਝੋਨੇ ਦੀ ਲਵਾਈ ਕਰਵਾਈ ਅਤੇ ਦੂਜੀ ਵਾਰ ਫਿਰ ਹੜ੍ਹ ਨੇ ਉਸ ਦੀ ਝੋਨੇ ਦੀ ਫਸਲ ਤਬਾਹ ਕਰ ਦਿੱਤੀ। ਇਸੇ ਪਿੰਡ ਦੇ ਓਮ ਸਿੰਘ ਨੇ ਦੱਸਿਆ ਕਿ ਉਸ ਦੀ 15 ਏਕੜ ਜ਼ਮੀਨ ਵਿੱਚ ਝੋਨੇ ਦੀ ਫ਼ਸਲ ਬੀਜੀ ਹੋਈ ਸੀ। ਪਹਿਲਾਂ ਵੀ ਹੜ੍ਹਾਂ ਨੇ ਉਨ੍ਹਾਂ ਦੀ ਫਸਲ ਬਰਬਾਦ ਕਰ ਦਿੱਤੀ ਸੀ ਅਤੇ ਇਕ ਵਾਰ ਫਿਰ ਹੜ੍ਹ ਕਾਰਨ ਉਨ੍ਹਾਂ ਦੀ ਝੋਨੇ ਦੀ ਫਸਲ ਬਰਬਾਦ ਹੋ ਗਈ ਹੈ। ਕਿਸਾਨਾਂ ਨੇ ਦੱਸਿਆ ਕਿ ਝੋਨੇ ਦੀ ਲਵਾਈ ਪਹਿਲਾਂ 4000 ਰੁਪਏ ਪ੍ਰਤੀ ਏਕੜ ਮਜ਼ਦੂਰੀ ਦਿੱਤੀ ਸੀ,ਉਸ ਤੋਂ ਬਾਅਦ ਦੂਜੀ ਵਾਰ ਝੋਨੇ ਦੀ ਲਵਾਈ ਲਈ 4000 ਰੁਪਏ ਪ੍ਰਤੀ ਏਕੜ ਮਜ਼ਦੂਰੀ ਦਿੱਤੀ ਗਈ ਹੈ। ਇਸ ਤੋਂ ਇਲਾਵਾ ਟਰੈਕਟਰਾਂ ਅਤੇ ਖਾਦਾਂ ਆਦਿ 'ਤੇ ਵੀ ਕਾਫੀ ਖਰਚ ਕੀਤਾ ਗਿਆ ਹੈ, ਜਿਸ ਕਾਰਨ ਉਸ ਦਾ ਪ੍ਰਤੀ ਏਕੜ 25-30 ਹਜ਼ਾਰ ਰੁਪਏ ਖਰਚ ਆਇਆ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਆਪਣੀ ਫ਼ਸਲ ਦੀ ਪਾਲਣ-ਪੋਸ਼ਣ ਵਿਚ ਵੀ ਵੱਖਰੀ ਮਿਹਨਤ ਕੀਤੀ ਹੈ। ਉਨ੍ਹਾਂ ਕਿਹਾ ਕਿ ਝੋਨੇ ਦੀ ਫ਼ਸਲ ਤਿਆਰ ਹੋਣ 'ਤੇ ਉਨ੍ਹਾਂ ਨੂੰ ਪ੍ਰਤੀ ਏਕੜ 70-80 ਹਜ਼ਾਰ ਰੁਪਏ ਹੋਣ ਦੀ ਆਸ ਸੀ ਪਰ ਦੂਜੀ ਵਾਰ ਆਏ ਹੜ੍ਹ ਨੇ ਉਨ੍ਹਾਂ ਦੀਆਂ ਸਾਰੀਆਂ ਆਸਾਂ 'ਤੇ ਪਾਣੀ ਫੇਰ ਦਿੱਤਾ ਹੈ। ਕਿਸਾਨਾਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਨ੍ਹਾਂ ਦੀ ਫਸਲ ਦੇ ਹੋਏ ਨੁਕਸਾਨ ਦਾ ਘੱਟੋ-ਘੱਟ 50,000 ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ।

# ਅਕਾਲੀ ਦਲ (ਅੰਮ੍ਰਿਤਸਰ) ਹੋਇਆ ਦੋਫਾੜ

## ਕੁਝ ਪਾਰਟੀ ਵਰਕਰਾਂ ਵੱਲੋਂ ਨਵੀਂ ਪਾਰਟੀ ਅਕਾਲੀ ਦਲ ਅੰਮ੍ਰਿਤਸਰ (ਫ਼ਤਹਿ) ਬਣਾਉਣ ਦਾ ਐਲਾਨ

ਲੁਧਿਆਣਾ-ਪੰਥ, ਪੰਜਾਬ, ਪੰਜਾਬੀ, ਪੰਜਾਬੀਅਤ ਅਤੇ ਜਵਾਨੀ ਨੂੰ ਬਚਾਉਣ ਲਈ ਸਾਂਝਾ ਪ੍ਰੋਗਰਾਮ ਤਿਆਰ ਕਰਨ ਵਾਸਤੇ ਇੱਥੇ ਅੰਬੇਡਕਰ ਭਵਨ ਵਿੱਚ ਮਾਨ ਦਲ ਦੇ ਵਰਕਰਾਂ ਅਤੇ ਹੋਰ ਜਥੇਬੰਦੀਆਂ ਦੇ ਆਗੂਆਂ ਦੀ ਹੋਈ ਮੀਟਿੰਗ 'ਚ ਉਨ੍ਹਾਂ ਵੱਖਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਫਤਹਿ) ਬਣਾਉਣ ਦਾ ਐਲਾਨ ਕੀਤਾ ਹੈ। ਜਥੇਦਾਰ ਜਸਵੰਤ ਸਿੰਘ ਚੀਮਾ ਵੱਲੋਂ ਰੱਖੀ ਗਈ ਮੀਟਿੰਗ ਵਿੱਚ ਸਿਮਰਨਜੀਤ ਸਿੰਘ ਮਾਨ ਨਾਲ ਲੰਮਾ ਸਮਾਂ ਕੰਮ ਕਰਨ ਵਾਲੇ ਭਾਈ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਵੀ ਹਾਜ਼ਰ ਹੋਏ। ਭਾਈ ਕਾਹਨ ਸਿੰਘ ਵਾਲਾ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਆਪਣੀ ਸਾਰੀ ਜ਼ਿੰਦਗੀ ਅਕਾਲੀ ਦਲ ਮਾਨ ਦੇ ਲੇਖੇ ਲਾ ਦਿੱਤੀ ਪਰ ਪਾਰਟੀ ਨੇ ਉਨ੍ਹਾਂ ਦੀ ਕਦਰ ਨਹੀਂ ਪਾਈ ਅਤੇ ਜ਼ਲੀਲ ਕਰ ਕੇ ਪਾਰਟੀ 'ਚੋਂ ਕੱਢ ਦਿੱਤਾ। ਉਨ੍ਹਾਂ ਦੱਸਿਆ ਕਿ ਉਹ 26 ਜੁਲਾਈ ਨੂੰ ਸਾਥੀਆਂ ਸਮੇਤ ਅਕਾਲ ਤਖ਼ਤ ਸਾਹਿਬ ਨਤਮਸਤਕ ਹੋ ਕੇ ਪੰਥ ਦੀ ਚੜ੍ਹਦੀ ਕਲਾ ਦੀ ਅਰਦਾਸ ਕਰਨਗੇ। ਇਸ ਮੌਕੇ ਪੰਜਾਬ ਦੇ ਸਾਰੇ ਜ਼ਿਲ੍ਹਾ ਪ੍ਰਧਾਨਾਂ ਅਤੇ ਹੋਰ ਵੱਖ-ਵੱਖ ਅਹੁਦੇਦਾਰਾਂ ਦਾ ਐਲਾਨ ਕੀਤਾ ਜਾਵੇਗਾ। ਇਸ ਮੌਕੇ ਜਸਵੰਤ ਸਿੰਘ ਚੀਮਾ ਨੇ ਕਿਹਾ ਕਿ ਉਹ ਪੰਥਕ ਸਨ ਅਤੇ ਰਹਿਣਗੇ। ਕੁਝ ਪਾਰਟੀ ਵਿਰੋਧੀ ਲੋਕਾਂ ਵੱਲੋਂ ਉਨ੍ਹਾਂ ਨਾਲ ਨਿੱਜੀ ਰੰਜਿਸ਼ ਰੱਖਦਿਆਂ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਮੌਕੇ ਨਵਨੀਤ ਕੁਮਾਰ ਗੋਪੀ, ਚਾਂਦ ਮੁਹੰਮਦ ਬਿੱਟੂ, ਡਾ. ਐੱਚਐੱਸ ਪੰਨੂ, ਮਨਜੀਤ ਸਿੰਘ ਸਿਆਲਕੋਟੀ, ਹਰਮੀਤ ਸਿੰਘ ਭਾਮੀਆਂ, ਲਖਵੀਰ ਸਿੰਘ ਸੋਟੀ, ਅੰਮ੍ਰਿਤਪਾਲ ਸਿੰਘ ਲੌਂਗੋਵਾਲ ਵੀ ਹਾਜ਼ਰ ਸਨ।

# ਮਨੀਪੁਰ ਬਾਰੇ ਬਿਆਨ ਦੇਣ ਤੋਂ ਕਿਉਂ ਸ਼ਰਮਾ ਰਹੇ ਨੇ ਮੋਦੀ-ਸੱਤਿਆਪਾਲ ਮਲਿਕ

ਨਵੀਂ ਦਿੱਲੀ-ਜੰਮੂ ਕਸ਼ਮੀਰ ਦੇ ਸਾਬਕਾ ਰਾਜਪਾਲ ਸੱਤਿਆਪਾਲ ਮਲਿਕ ਨੇ ਸੰਸਦ ਵਿੱਚ ਵਿਰੋਧ ਧਿਰ ਦੇ ਸੰਸਦ ਮੈਂਬਰਾਂ ਵੱਲੋਂ ਪ੍ਰਧਾਨ ਮੰਤਰੀ ਕੋਲੋਂ ਮਨੀਪੁਰ ਦੇ ਹਾਲਾਤ ਬਾਰੇ ਬਿਆਨ ਦੇਣ ਦੀ ਮੰਗ ਕੀਤੇ ਜਾਣ ਅਤੇ ਇਹ ਪੁੱਛੇ ਜਾਣ ਕਿ ਸੂਬੇ ਦੇ ਮੁੱਖ ਮੰਤਰੀ ਨੂੰ ਅਜੇ ਤੱਕ ਹਟਾਇਆ ਕਿਉਂ ਨਹੀਂ ਗਿਆ, ਨੂੰ ਜਾਇਜ਼ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ, "ਮੈਨੂੰ ਨਹੀਂ ਪਤਾ ਕਿ ਮੋਦੀ ਇਸ ਤੋਂ ਸ਼ਰਮ ਕਿਉਂ ਮਹਿਸੂਸ ਕਰ ਰਹੇ ਨੇ?" ਉਹ ਇੱਥੇ ਪ੍ਰੈੱਸ ਕਲੱਬ ਆਫ ਇੰਡੀਆ ਵਿੱਚ ਮੀਡੀਆ ਨਾਲ ਗੱਲਬਾਤ ਕਰ ਰਹੇ ਸਨ।



ਜ਼ਿਕਰਯੋਗ ਹੈ ਕਿ ਮਨੀਪੁਰ ਦੇ ਹਾਲਾਤ ਬਾਰੇ ਪ੍ਰਧਾਨ ਮੰਤਰੀ ਦੇ ਬਿਆਨ ਦੀ ਮੰਗ ਨੂੰ ਲੈ ਕੇ ਅੱਜ ਲੋਕ ਸਭਾ ਵਿੱਚ ਸਾਰਾ ਦਿਨ ਚੱਲੇ ਵਿਰੋਧੀ ਧਿਰ ਦੇ ਪ੍ਰਦਰਸ਼ਨਾਂ ਵਿਚਾਲੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸਦਨ ਨੂੰ ਭਰੋਸਾ ਦਿਵਾਇਆ ਹੈ ਕਿ ਸਰਕਾਰ ਇਸ ਮੁੱਦੇ ਨੂੰ ਵਿਚਾਰੇਗੀ। ਇਸ ਦੌਰਾਨ ਮਨੀਪੁਰ ਦੇ ਮੁੱਦੇ ਅਤੇ ਮੌਨਸੂਨ ਦੇ ਬਾਕੀ ਰਹਿੰਦੇ ਸੈਸ਼ਨ ਲਈ 'ਆਪ' ਦੇ ਸੰਸਦ ਮੈਂਬਰ ਸੰਜੈ ਸਿੰਘ ਦੀ ਮੁਅੱਤਲੀ ਨੂੰ ਲੈ ਕੇ ਰਾਜ ਸਭਾ ਵਿੱਚ ਵੀ ਸਦਨ ਦੀ ਕਾਰਵਾਈ ਸਾਰਾ ਦਿਨ ਠੱਪ ਰਹੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਆਲੋਚਨਾ ਕਰਦਿਆਂ ਸ੍ਰੀ ਮਲਿਕ ਨੇ ਕਿਹਾ, "ਸੰਸਦ ਮੈਂਬਰਾਂ ਦੀ ਇਹ ਮੰਗ ਵਾਜਬਿ ਹੈ ਕਿ ਮਾਣਯੋਗ ਪ੍ਰਧਾਨ ਮੰਤਰੀ ਨੂੰ ਸਦਨ ਵਿੱਚ ਆ ਕੇ ਆਪਣਾ ਬਿਆਨ ਦੇਣਾ ਚਾਹੀਦਾ ਹੈ ਅਤੇ ਮਨੀਪੁਰ ਮੁੱਦੇ 'ਤੇ ਚਰਚਾ ਹੋਣੀ ਚਾਹੀਦੀ ਹੈ।" ਉਨ੍ਹਾਂ ਕਿਹਾ ਕਿ ਭਾਰਤ ਦੇ ਚੀਫ ਜਸਟਿਸ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਜ਼ਮੀਨੀ ਪੱਧਰ 'ਤੇ ਕੁਝ ਨਹੀਂ ਹੋਵੇਗਾ ਤਾਂ ਸੁਪਰੀਮ ਕੋਰਟ ਕਦਮ ਉਠਾਏਗਾ। ਉਸ ਤੋਂ ਬਾਅਦ ਪ੍ਰਧਾਨ ਮੰਤਰੀ ਨੇ ਸੰਸਦ ਤੋਂ ਬਾਹਰ ਇਸ ਮੁੱਦੇ 'ਤੇ ਗੱਲ ਕੀਤੀ। ਮਨੀਪੁਰ ਦੇ ਹਾਲਾਤ ਬਾਰੇ ਪੁੱਛਣ 'ਤੇ ਮਲਿਕ ਨੇ ਕਿਹਾ, "ਇੱਥੋਂ ਤੱਕ ਕਿ 4 ਮਈ ਦੀ ਘਟਨਾ ਤੋਂ ਬਾਅਦ ਮੁੱਖ ਮੰਤਰੀ ਨੂੰ ਹਟਾਉਣ ਸਬੰਧੀ...ਦੋ ਮਹੀਨੇ ਤੋਂ ਵੱਧ ਸਮਾਂ ਬੀਤ ਚੁੱਕਾ ਹੈ ਅਤੇ ਹੁਣ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ। ਇਹ ਪੂਰੇ ਦੇਸ਼ ਲਈ ਸ਼ਰਮਨਾਕ ਹੈ।"ਪ੍ਰੈੱਸ ਕਲੱਬ ਆਫ ਇੰਡੀਆ ਵਿੱਚ ਮਲਿਕ ਨੇ ਪਹਿਲਾਂ ਸੰਯੁਕਤ ਕਿਸਾਨ ਮਜ਼ਦੂਰ ਸੰਗਠਨ ਵੱਲੋਂ ਕੀਤੀ ਗਈ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕੀਤਾ ਅਤੇ 2020-21 ਦੇ ਕਿਸਾਨ ਅੰਦੋਲਨ ਨੂੰ ਚੇਤੇ ਕੀਤਾ, ਜਿਸ ਤੋਂ ਬਾਅਦ ਸਰਕਾਰ ਨੇ ਤਿੰਨ ਖੇਤੀ ਕਾਨੂੰਨ ਵਾਪਸ ਲੈਣ ਦਾ ਫੈਸਲਾ ਲਿਆ ਸੀ।

# ਸ਼੍ਰੋਮਣੀ ਕਮੇਟੀ ਦੇ ਵ.ਫਦ ਵੱਲੋਂ ਅਨੁਰਾਗ ਠਾਕੁਰ ਨਾਲ ਮੁਲਾਕਾਤ

ਅੰਮ੍ਰਿਤਸਰ: ਸ਼੍ਰੋਮਣੀ ਕਮੇਟੀ ਦੇ ਉੱਚ-ਪੱਧਰੀ ਵਫ਼ਦ ਨੇ ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਪ੍ਰਸਾਰਣ ਲਈ ਆਪਣਾ ਸੈਟੇਲਾਈਟ ਚੈਨਲ ਸਥਾਪਤ ਕਰਨ ਲਈ ਕੇਂਦਰੀ ਸੂਚਨਾ ਤੇ ਪ੍ਰਸਾਰਣ ਮੰਤਰੀ ਅਨੁਰਾਗ ਸਿੰਘ ਠਾਕੁਰ ਨਾਲ ਦਿੱਲੀ ਵਿੱਚ ਮੁਲਾਕਾਤ ਕੀਤੀ। ਵਫ਼ਦ ਨੇ ਸੈਟੇਲਾਈਟ ਚੈਨਲ ਦੀ ਸਥਾਪਨਾ ਲਈ ਲੋੜੀਂਦੀ ਪ੍ਰਵਾਨਗੀ ਮੰਗੀ। ਵਫ਼ਦ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ, ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਕੁਲਵੰਤ ਸਿੰਘ ਮੰਨਣ ਅਤੇ ਸਰਵਣ ਸਿੰਘ ਕੁਲਾਰ ਸ਼ਾਮਲ ਸਨ। ਇਸ ਮੌਕੇ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਮੌਜੂਦ ਸਨ। ਸ੍ਰੀ ਧਾਮੀ ਨੇ ਕਿਹਾ ਕਿ ਉਹ ਯਤਨ ਕਰ ਰਹੇ ਹਨ ਕਿ ਆਪਣਾ ਚੈਨਲ ਸਥਾਪਤ ਹੋਣ 'ਤੇ ਦੂਰਦਰਸ਼ਨ ਦੀ ਫ੍ਰੀ ਡਿਸ਼ 'ਤੇ ਵੱਧ ਤੋਂ ਵੱਧ ਸੰਗਤ ਤੱਕ ਵੀ



ਗੁਰਬਾਣੀ ਕੀਰਤਨ ਪਹੁੰਚੇ। ਇਸ ਭਾਵਨਾ ਨੂੰ ਕੇਂਦਰੀ ਮੰਤਰੀ ਨਾਲ ਸਾਂਝਾ ਕੀਤਾ ਗਿਆ ਹੈ ਅਤੇ ਉਨ੍ਹਾਂ ਨੇ ਸੰਜੀਦਾ ਗੌਰ ਕਰਦਿਆਂ ਕਾਰਵਾਈ ਅੱਗੇ ਵਧਾਉਣ ਦਾ ਭਰੋਸਾ ਦਿੱਤਾ ਹੈ।

ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?
**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?
**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?
**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

FAST ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart &Stroke™

BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.

REAL ESTATE BUY & SELL
KULWANT ATWAL
604-716-2135

MORTGAGES 1st, 2nd or Private
BHAJAN ATWAL
604-773-8426

BUILD WITH WARRANTY
BUILD, SUPPORT & ADVICE TEAM WORK
604-773-8426
604-594-7592



Save Commissions & Get Sold Guaranteed
We Help Buyers With Cash Back
Buy, Sell, Mortgage or Build With Us:



amex A Mark of EXcellence
CENTUM

You Will Save Thousands Thousands Dollars

Buy With Us: Get Full Support
Sell With Us: Save Money
Build With Us: Warranty & Support

"Pre-Register Your House To Sell & Save Thousands Dollars & Guaranteed Sold"

RESIDENTIAL
CONSTRUCTION
COMMERCIAL
NEW IMMIGRANTS
SELF EMPLOYED

PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply

Real Estate, Mortgage, Build & Warranty, Private Mortgages
604-716-2135 604-773-8426




# ਸਰਬ ਪੱਖੀ ਲੇਖਕ ਦਿਓਲ ਦੇ ਦੋ ਨਾਵਲਿਟਾਂ ਦੀ ਸਾਂਝੀ ਕਿਤਾਬ ਪੰਜਾਬੀ ਭਵਨ ਲੁਧਿਆਣਾ ਵਿਖੇ ਲੋਕ ਅਰਪਨ

## ਪੁਸਤਕ ਬਾਰੇ ਡਾ: ਗੁਲਜ਼ਾਰ ਸਿੰਘ ਪੰਧੇਰ ਨੇ ਪਰਚਾ ਪੜ੍ਹਿਆ

ਲੁਧਿਆਣਾ-ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਤੇ ਪੰਜਾਬੀ ਸੱਭਿਆਚਾਰਕ ਸੱਥ ਫਰੀਦਾਬਾਦ ਵੱਲੋਂ ਪੰਜਾਬੀ ਲੋਕ ਵਿਰਾਸਤ ਅਕਾਡਮੀ ਤੇ ਪ੍ਰਗਤੀਸ਼ੀਲ ਲੇਖਕ ਸੰਘ ਦੇ ਸਹਿਯੋਗ ਨਾਲ ਸਵਰਗੀ ਸਰਬ ਪੱਖੀ ਲੇਖਕ ਦਿਓਲ ਦੇ ਦੋ ਨਾਵਲਿਟਾਂ ਦੀ ਕਿਤਾਬ 'ਦੋ ਨਾਵਲਿਟ: ਚੌਦ੍ਹਾਂ ਨੰਬਰ ਗੰਨ, ਗੱਡੀਆਂ ਵਾਲੀ 'ਪੰਜਾਬੀ ਭਵਨ ਲੁਧਿਆਣਾ 'ਚ ਡਾ. ਲਖਵਿੰਦਰ ਜੌਹਲ, ਗੁਰਭਜਨ ਗਿੱਲ, ਸੁਖਦੇਵ ਸਿੰਘ ਸਿਰਸਾ, ਬਲਵੰਤ ਸਿੰਘ ਰਾਮੂਵਾਲੀਆ ਤੇ ਮੰਗਲ ਸਿੰਘ ਔਜਲਾ ਨੇ ਸਾਥੀਆਂ ਦੇ ਸਹਿਯੋਗ ਨਾਲ ਲੋਕ ਅਰਪਨ ਕੀਤੀ। ਇਸ ਕਿਤਾਬ ਬਾਰੇ ਪ੍ਰਗਤੀਸ਼ੀਲ ਲੇਖਕ ਸੰਘ ਦੇ ਜ਼ਿਲ੍ਹਾ ਪ੍ਰਧਾਨ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਪਰਚਾ ਪੜ੍ਹਦਿਆਂ ਕਿਹਾ ਕਿ ਦੋਨਾਂ ਨਾਵਲਿਟਾਂ ਦੀ ਲੇਖਣੀ ਤੇ ਪਟਕਥਾ ਗੁੰਦਵੀਂ ਹੈ। ਪ੍ਰਗਤੀਸ਼ੀਲ ਲੇਖਕ ਸੰਘ ਦੇ ਕੌਮੀ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ ਨੇ ਕਿਹਾ ਕਿ ਦਿਓਲ ਵੱਖਰੀ ਇਤਿਹਾਸਕ ਚੇਤਨਾ ਤੇ ਕਾਵਿ ਸ਼ੈਲੀ ਵਾਲਾ ਕਵੀ ਸੀ। ਉਨ੍ਹਾਂ ਆਜ਼ਾਦੀ ਤੋਂ ਬਾਅਦ ਭਾਰਤੀ ਜਨ ਮਾਨਸ ਦੇ ਟੁੱਟ ਰਹੇ ਸੁਪਨਿਆਂ ਨੂੰ ਇਕ ਬਿਰਹਣੀ ਦੇ ਵਿਜੋਗ ਦੇ ਰੂਪਕ ਰਾਹੀਂ ਸਿਰਜਿਆ ਹੈ। ਉਨ੍ਹਾਂ ਭਾਰਤੀ ਮੱਧਵਰਗ ਦੀ ਉਦਾਸੀ, ਕੁੰਠਾ, ਇਕੱਲਤਾ ਨੂੰ ਇੱਕ ਵੇਸਵਾ ਤੇ ਸੱਤਾ ਦੇ ਇਸ਼ਾਰਿਆਂ 'ਤੇ ਜੀਂਦੇ ਮਨੁੱਖ ਦੇ ਬਿੰਬਾਂ ਚ ਢਾਲਿਆ ਹੈ। ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਦੇ ਪ੍ਰਧਾਨ ਡਾ: ਲਖਵਿੰਦਰ ਸਿੰਘ ਜੌਹਲ ਨੇ ਕਿਹਾ ਕਿ ਦਿਉਲ ਨੇ ਫ਼ੌਜ ਦੀ ਘਟਨਾ ਨੂੰ 'ਚੌਦ੍ਹਾਂ ਨੰਬਰ ਗੰਨ' ਚ ਵੱਖਰੇ ਪ੍ਰਸੰਗ ਤੋਂ ਬਿਆਨਿਆ ਜੋ ਅਪਰੇਸ਼ਨ ਬਲਿਊ ਸਟਾਰ ਦੌਰਾਨ ਛੇ ਘੰਟੇ ਦੀ ਘਟਨਾ ਦੁਆਲੇ ਘੁੰਮਦੀ ਹੈ। ਬਹਿਸ ਚ ਹਿੱਸਾ ਲੈਂਦਿਆਂ ਬੂਟਾ ਸਿੰਘ ਚੌਹਾਨ (ਬਰਨਾਲਾ)ਨੇ ਕਿਹਾ ਨਾਵਲਿਟਾਂ ਦੀ ਬਣਤਰ ਪ੍ਰਸੰਗਿਕਤਾ ਨੂੰ ਉਭਾਰਦੀ ਹੈ। ਸਾਬਕਾ ਕੇਂਦਰੀ ਮੰਤਰੀ ਸ. ਬਲਵੰਤ ਸਿੰਘ ਰਾਮੂਵਾਲੀਆ ਨੇ ਲੇਖਕਾਂ ਨੂੰ ਸੱਤਾ ਚ ਆਏ ਵਿਕਾਰਾਂ ਖ਼ਿਲਾਫ਼ ਡਟਣ ਦਾ ਸੱਦਾ ਦਿੱਤਾ। ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਦਿਉਲ ਦੇ ਜੀਵਨ ਸਫ਼ਰ ਬਾਰੇ ਜਿਕਰ ਕਰਦਿਆਂ ਕਿਹਾ ਕਿ ਸੈਨਾ ਤੋਂ ਸੇਵਾ ਮੁਕਤੀ ਉਪਰੰਤ ਉਹ ਜਗਰਾਉਂ ਨੇੜੇ ਅਖਾੜਾ ਪੁਲ ਤੇ ਮੈਡੀਕਲ ਸੇਵਾ ਕੇਂਦਰ ਚਲਾਉਂਦੇ ਰਹੇ। ਆਪਣੇ ਪੁੱਤਰਾ ਜਗਰਾਜ ਦਿਉਲ ਤੇ ਮਨਧੀਰ ਨੂੰ ਵੀ ਕਲਾ ਮਾਰਗ ਤੇ ਤੋਰਿਆ। ਉਨ੍ਹਾਂ ਦੀ ਨਾਵਲ ਨਿਗਾਰੀ ਤੋਂ ਪਹਿਲਾਂ ਉਹ ਸਮਰੱਥ ਸ਼ਾਇਰ ਦੇ ਰੂਪ ਵਿੱਚ ਜਾਣੇ ਪਛਾਣੇ ਚਿਹਰੇ ਸਨ। ਉਨ੍ਹਾ ਦੀ ਕਾਵਿ ਰਚਨਾ 'ਹਿਜਰ ਵਸਲ ਦੀਆ ਘੜੀਆਂ' ਤੇ ਲੰਮੀ ਕਵਿਤਾ 'ਪਿਆਸ' ਬਹੁਤ ਮੁੱਲਵਾਨ ਹਨ। ਇਸ ਮੌਕੇ ਸੱਥ ਦੇ ਚੇਅਰਮੈਨ ਮੰਗਲ ਸਿੰਘ ਔਜਲਾ, ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਦੇ ਸਾਬਕਾ ਪ੍ਰਧਾਨ, ਪ੍ਰੋ. ਰਵਿੰਦਰ ਸਿੰਘ ਭੱਠਲ,ਸਾਬਕਾ ਮੰਤਰੀ ਸ. ਮਲਕੀਤ ਸਿੰਘ ਦਾਖਾ, ਕ੍ਰਿਸ਼ਨ ਕੁਮਾਰ ਬਾਵਾ, ਚੇਅਰਮੈਨ, ਬਾਬਾ ਬੰਦਾ ਸਿੰਘ ਬਹਾਦਰ ਫਾਉਂਡੇਸ਼ਨ, ਸੁਖਜੀਤ ਮਾਛੀਵਾੜਾ ਕਹਾਣੀਕਾਰ,ਸੁਰਿੰਦਰਦੀਪ, ਭਗਵਾਨ ਢਿੱਲੋਂ, ਜਸਮੇਰ ਸਿੰਘ ਢੱਟ, ਡਾ. ਨਿਰਮਲ ਜੌੜਾ,ਮਨਧੀਰ ਸਿੰਘ ਦਿਓਲ, ਰਾਜਦੀਪ ਸਿੰਘ ਤੂਰ, ਪ੍ਰਿੰਸੀਪਲ ਦਲਜੀਤ ਕੌਰ ਹਠੂਰ, ਗੁਰਿੰਦਰ ਕਲਸੀ, ਦਿਉਲ ਦੇ ਗਿਰਾਈਂ ਗੀਤਕਾਰ ਜਗਦੇਵ ਮਾਨ, ਤ੍ਰੈਲੋਚਨ ਲੋਚੀ, ਜਗਮੇਲ ਸਿੰਘ ਸਿੱਧੂ(ਸੰਗਰੂਰ) ਡਾ. ਗੁਰਇਕਬਾਲ ਸਿੰਘ ਜਨਰਲ ਸਕੱਤਰ, ਪੰਜਾਬੀ ਸਾਹਿੱਤ ਅਕਾਡਮੀ, ਲੁਧਿਆਣਾ, ਦੀਪ ਜਗਦੀਪ ਸਿੰਘ, ਜਸਬੀਰ ਝੱਜ,ਜਗਦੀਸ਼ਪਾਲ ਸਿੰਘ ਗਰੇਵਾਲ, ਸਰਪੰਚ ਪਿੰਡ ਦਾਦ, ਬਲਕਾਰ ਸਿੰਘ ਤੇ ਹੋਰ ਬੁਧੀਜੀਵੀਆਂ ਦੀ ਭਰਵੀਂ ਹਾਜ਼ਰੀ ਸੀ। ਮੰਚ ਸੰਚਾਲਨ ਪੰਜਾਬੀ ਸ਼ਾਇਰ ਪ੍ਰਭਜੋਤ ਸਿੰਘ ਸੋਹੀ ਨੇ ਬਹੁਤ ਜੀਵੰਤ ਅੰਦਾਜ਼ ਵਿੱਚ ਕੀਤਾ।

# ਸਰੀ ਵਿਖੇ ਮਾਤਾ ਜੰਗੀਰ ਕੌਰ ਗਿੱਲ ਦਾ 99ਵਾਂ ਜਨਮ ਦਿਨ ਮਨਾਇਆ

ਸਰੀ (ਹਰਦਮ ਮਾਨ)-ਸਰੀ ਦੀ ਵਸਨੀਕ ਮਾਤਾ ਜੰਗੀਰ ਕੌਰ ਗਿੱਲ (ਪਿਛਲਾ ਪਿੰਡ ਤਾਰੇਵਾਲਾ, ਜ਼ਿਲਾ ਮੋਗਾ) ਦਾ 99ਵਾਂ ਜਨਮ ਦਿਨ ਸਮੁੱਚੇ ਪਰਿਵਾਰ ਵੱਲੋਂ ਬੇਹੱਦ ਖ਼ੁਸ਼ਗਵਾਰ ਮਾਹੌਲ ਵਿਚ ਮਨਾਇਆ ਗਿਆ। ਇਸ ਮੌਕੇ ਉਨ੍ਹਾਂ ਦੇ ਸਪੁੱਤਰ ਜਸਵਿੰਦਰ ਸਿੰਘ ਗਿੱਲ (ਸਰੀ), ਸਪੁੱਤਰੀ ਸੁਰਿੰਦਰ ਕੌਰ ਬਰਾੜ (ਸਰੀ) ਅਤੇ ਅਮਰੀਕਾ ਦੇ ਸ਼ਹਿਰ ਬੇਕਰਸ ਫੀਲਡ ਵਿਚ ਰਹਿ ਰਹੇ ਸਪੁੱਤਰ ਜਗਦੀਪ ਸਿੰਘ ਗਿੱਲ ਹੁਰਾਂ ਦੇ ਤਿੰਨੇ ਪਰਿਵਾਰ ਮਾਤਾ ਜੰਗੀਰ ਕੌਰ ਗਿੱਲ ਨੂੰ ਜਨਮ ਦਿਨ ਮੁਬਾਰਕ ਕਹਿਣ ਅਤੇ ਅਸ਼ੀਰਵਾਦ ਪ੍ਰਾਪਤ ਕਰਨ ਲਈ ਇਕੱਤਰ ਹੋਏ। ਜ਼ਿਕਰਯੋਗ ਹੈ ਕਿ ਮਾਤਾ ਜੰਗੀਰ ਕੌਰ ਗਿੱਲ ਦੀ ਪਰਿਵਾਰਕ ਫੁਲਵਾੜੀ ਵਿਚ ਇਸ ਸਮੇਂ ਦੋ ਪੁੱਤਰ, ਇਕ ਧੀ, ਪੋਤਰੇ-ਪੋਤਰੀਆਂ, ਦੋਹਤੇ-ਦੋਹਤੀਆਂ, ਪੜਪੋਤੇ-ਪੜਪੋਤੀਆਂ ਅਤੇ ਪੜਦੋਹਤੇ-ਪੜਦੋਹਤੀਆਂ ਦਾ 31 ਜੀਆਂ ਦਾ ਖ਼ੁਸ਼ਹਾਲ ਪਰਿਵਾਰ ਹੈ।



ਓਸ਼ਨ ਵਿਊ ਫਿਸ਼ ਕੈਨਰੀ

OCEAN VIEW FISH CANNERY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616





# ਡਾ. ਸਾਹਿਬ ਸਿੰਘ ਦੇ ਨਾਟਕ 'ਲੱਛੂ ਕਬਾੜੀਆ' ਨੇ ਮਨੁੱਖੀ ਮਨਾਂ ਨੂੰ ਬੁਰੀ ਤਰ੍ਹਾਂ ਝੰਜੋੜਿਆ

ਸਰੀ, 24 ਜੁਲਾਈ (ਹਰਦਮ ਮਾਨ)–ਪੰਜਾਬੀ ਰੰਗਮੰਚ ਦੇ ਉੱਘੇ ਨਾਟਕਕਾਰ ਡਾ. ਸਾਹਿਬ ਸਿੰਘ ਵੱਲੋਂ ਨਾਰਥ ਡੈਲਟਾ ਦੇ ਸੈਕੰਡਰੀ ਸਕੂਲ ਵਿਚ ਪੇਸ਼ ਕੀਤਾ ਗਿਆ ਨਾਟਕ 'ਲੱਛੂ ਕਬਾੜੀਆ' ਮਨੁੱਖੀ ਮਨਾਂ ਨੂੰ ਬੁਰੀ ਤਰ੍ਹਾਂ ਝੰਜੋੜ ਗਿਆ। ਰਾਜਨੀਤਕ ਆਗੂਆਂ ਦੀਆਂ ਚਾਲਾਂ, ਧਾਰਮਿਕ ਪੰਖਡੀਆਂ ਦੇ ਕਿਰਦਾਰ, ਜਾਤ-ਪਾਤ ਦੇ ਕੋਹੜ, ਊਚ-ਨੀਚ ਦੇ ਵਰਤਾਰੇ ਅਤੇ ਨਿਮਨ ਵਰਗ ਦੇ ਲੋਕਾਂ ਦੇ ਸ਼ੋਸ਼ਣ ਨੂੰ ਡਾ. ਸਾਹਿਬ ਸਿੰਘ ਨੇ ਆਪਣੀ ਨਾਟਕ ਕਲਾ ਦੀ ਜੁਗਤ ਰਾਹੀਂ ਅਜਿਹਾ ਦ੍ਰਿਸ਼ਟਮਾਨ ਕੀਤਾ ਕਿ ਖਚਾਖਚ ਭਰੇ ਹਾਲ ਵਿਚ ਬੈਠੇ ਸੈਂਕੜੇ ਦਰਸ਼ਕਾਂ ਦੀਆਂ ਅੱਖਾਂ ਛਲਕਣੋਂ ਨਾ ਰਹਿ ਸਕੀਆਂ। ਅਨੇਕਾਂ ਸਮਾਜਿਕ ਕੁਰੀਤੀਆਂ ਦਾ ਪਰਦਾਫਾਸ਼ ਕਰਨ, ਇਨ੍ਹਾਂ ਦੇ ਪਿਛੋਕੜ ਨੂੰ ਸਮਝਣ ਅਤੇ ਬੇਗਮਪੁਰੇ ਦਾ ਸੰਸਾਰ ਵਸਾਉਣ ਦਾ ਸੁਨੇਹਾ ਦਿੰਦਾ ਹੋਇਆ ਇਹ ਨਾਟਕ ਲੋਕ-ਮਨਾਂ 'ਤੇ ਗਹਿਰਾ ਪ੍ਰਭਾਵ ਛੱਡ ਗਿਆ। ਨਾਟਕਕਾਰ, ਰੰਗਕਰਮੀ ਤੇ ਨਿਰਦੇਸ਼ਕ ਡਾ. ਸਾਹਿਬ ਸਿੰਘ ਵੱਲੋਂ ਹਰ ਇਕ ਗ਼ਲਤ ਵਰਤਾਰੇ ਉੱਪਰ ਕੀਤੀ ਕਰਾਰੀ ਚੋਟ ਨੂੰ ਦਰਸ਼ਕਾਂ ਨੇ ਭਰਪੂਰ ਤਾੜੀਆਂ ਨਾਲ ਹੁੰਗਾਰਾ ਦਿੱਤਾ। ਇਸ ਨਾਟਕ ਦਾ ਪ੍ਰਬੰਧ ਚੇਤਨਾ ਐਸੋਸੀਏਸ਼ਨ ਆਫ ਕੈਨੇਡਾ ਵੱਲੋਂ ਕੀਤਾ ਗਿਆ। ਪ੍ਰੋਗਰਾਮ ਦੇ ਆਗਾਜ਼ ਵਿਚ ਐਸੋਸੀਏਸ਼ਨ ਦੇ ਬੁਲਾਰੇ ਜੈ ਵਿਰਦੀ ਨੇ ਤਮਾਮ ਦਰਸ਼ਕਾਂ ਅਤੇ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਨਵਜੋਤ ਢਿੱਲੋਂ ਨੇ ਡਾ. ਸਾਹਿਬ ਸਿੰਘ ਵੱਲੋਂ ਪਹਿਲਾਂ ਪੇਸ਼ ਕੀਤੇ ਜਾ ਚੁੱਕੇ ਨਾਟਕ 'ਧੰਨ ਲਿਖਾਰੀ ਨਾਨਕਾ' ਅਤੇ 'ਸੰਮਾਂ ਵਾਲੀ ਡਾਂਗ' ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਨਾਟਕ ਵੀ ਇਨ੍ਹਾਂ ਦੋਹਾਂ ਨਾਟਕਾਂ ਵਾਂਗ ਦਰਸ਼ਕਾਂ ਦੇ ਸੁਹਜ ਦੀ ਪੂਰਤੀ ਦੇ ਨਾਲ ਨਾਲ ਸਮਾਜਿਕ ਚੇਤਨਾ ਫੈਲਾਉਣ ਦਾ ਕਾਰਜ ਕਰੇਗਾ। ਜੈਤਿਕਾ ਡਸੂਜਾ ਨੇ ਕਬੀਰ ਦੇ ਦੋਹਿਆਂ ਰਾਹੀਂ ਜਾਤ-ਪਾਤ ਦੇ ਕੋਹੜ ਨੂੰ ਨੰਗਿਆਂ ਕੀਤਾ। ਨਾਟਕ ਦੀ ਸਮਾਪਤੀ ਉਪਰੰਤ ਬੀਸੀ ਵਿਧਾਨ ਸਭਾ ਦੇ ਸਪੀਕਰ ਰਾਜ ਚੌਹਾਨ, ਐਮ.ਐਲ.ਏ. ਜਿੰਨੀ ਸਿਮਜ਼, ਨਾਟਕ ਅਤੇ ਫਿਲਮਾਂ ਦੇ ਨਾਮਵਰ ਕਲਾਕਾਰ ਰਾਣਾ ਰਣਬੀਰ ਨੇ ਇਕ ਬਹੁਤ ਹੀ ਸੰਵੇਦਨਸ਼ੀਲ ਨਾਟਕ ਦੀ ਖ਼ੂਬਸੂਰਤ ਪੇਸ਼ਕਾਰੀ ਲਈ ਡਾ. ਸਾਹਿਬ ਨੂੰ ਮੁਬਾਰਕਬਾਦ ਦਿੱਤੀ। ਇਸ ਮੌਕੇ ਚੇਤਨਾ ਐਸੋਸੀਏਸ਼ਨ ਆਫ ਕੈਨੇਡਾ ਵੱਲੋਂ ਡਾ. ਸਾਹਿਬ ਦਾ ਸਨਮਾਨ ਕਰਨ ਦੇ ਨਾਲ ਨਾਲ ਵਾਤਾਵਰਣ ਪ੍ਰਤੀ ਸ਼ਲਾਘਾਯੋਗ ਕਾਰਜ ਕਰ ਰਹੀ ਅਰਵਿੰਦਰ ਕੌਰ ਅਤੇ ਨਾਟਕਾਂ ਤੇ ਛੋਟੀਆਂ ਕਲਾ ਫਿਲਮਾਂ ਰਾਹੀਂ ਸਮਾਜਿਕ ਚੇਤਨਾ ਨੂੰ ਹਲੂਣਾ ਦੇਣ ਵਾਲੇ ਸਰੀ ਦੇ ਪ੍ਰਸਿੱਧ ਆਰਟਿਸਟ ਗੁਰਦੀਪ ਭੁੱਲਰ ਨੂੰ ਵੀ ਸਨਮਾਨਿਤ ਕੀਤਾ ਗਿਆ।









WE HAVE MOVED TO BIGGER & BETTER LOCATION
#208-7110-120TH ST, SURREY

ICBC
NO WIN NO FEE
WE DO HOME & HOSPITAL VISITS

*Your Lawyers, Because We Care*

- Criminal Law
- Divorce Cases
- Immigration Law
- Notary Services

Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.SINGHTHINDLAW.COM

# ਸਾਬਕਾ ਸੰਸਦੀ ਸਕੱਤਰ ਗੁਰਬਿੰਦਰ ਸਿੰਘ ਅਟਵਾਲ ਦਾ ਦੇਹਾਂਤ

ਫਿਲੌਰ-ਸੰਸਦੀ ਸਕੱਤਰ ਅਤੇ ਹਲਕਾ ਨੂਰਮਹਿਲ ਤੋਂ



ਕਾਂਗਰਸ ਦੇ ਸਾਬਕਾ ਵਿਧਾਇਕ ਗੁਰਬਿੰਦਰ ਸਿੰਘ ਅਟਵਾਲ ਦਾ 74 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ। ਉਹ ਆਪਣੇ ਰਿਸ਼ਤੇਦਾਰਾਂ ਨਾਲ ਸ੍ਰੀਨਗਰ ਗਏ ਹੋਏ ਸਨ, ਜਿਥੇ ਉਨ੍ਹਾਂ ਦਾ ਦੇਹਾਂਤ ਹੋ ਗਿਆ। ਮੌਤ ਦਾ ਕਾਰਨ ਦਿਮਾਗ ਦੀ ਨਸ ਫਟਣਾ ਦੱਸਿਆ ਜਾ ਰਿਹਾ ਹੈ। ਉਹ ਕਾਂਗਰਸ ਵਿਚ ਅੱਜ-ਕੱਲ੍ਹ ਨਵਜੋਤ ਸਿੱਧੂ ਦੇ ਨੇੜੇ ਸਮਝੇ ਜਾਂਦੇ ਸਨ। ਅਟਵਾਲ ਕਿੱਤੇ ਵਜੋਂ ਵਕੀਲ ਸਨ। ਉਨ੍ਹਾਂ ਕਾਂਗਰਸ ਵੱਲੋਂ 1992 'ਚ ਪਹਿਲੀ ਵਾਰ ਹਲਕਾ ਨੂਰਮਹਿਲ ਤੋਂ ਚੋਣ ਲੜੀ ਅਤੇ 12,749 ਵੋਟ ਪ੍ਰਾਪਤ ਕਰ ਕੇ ਸੀਪੀਐੱਮ ਦੇ ਕੁਲਵੰਤ ਸਿੰਘ ਸੰਧੂ ਨੂੰ 244 ਵੋਟਾਂ ਦੇ ਫਰਕ ਨਾਲ ਹਰਾਇਆ ਸੀ। ਕਾਂਗਰਸ ਵੱਲੋਂ 1997 ਦੌਰਾਨ ਟਿਕਟ ਨਾ ਦੇਣ ਤੋਂ ਖ਼ਫ਼ਾ ਹੋ ਕੇ ਉਨ੍ਹਾਂ ਨੇ ਆਜ਼ਾਦ ਉਮੀਦਵਾਰ ਵਜੋਂ ਚੋਣ ਲੜੀ, ਜਿਸ ਵਿੱਚ ਉਨ੍ਹਾਂ ਨੂੰ 448 ਵੋਟਾਂ ਦੇ ਫਰਕ ਨਾਲ ਹਾਰ ਦਾ ਮੂੰਹ ਦੇਖਣਾ ਪਿਆ। ਉਨ੍ਹਾਂ 2002 'ਚ ਬਤੌਰ ਕਾਂਗਰਸ ਉਮੀਦਵਾਰ 9279 ਵੋਟਾਂ ਦੇ ਫਰਕ ਨਾਲ ਜਿੱਤ ਪ੍ਰਾਪਤ ਕੀਤੀ, ਇਸੇ ਦੌਰਾਨ ਉਨ੍ਹਾਂ ਨੂੰ ਸੰਸਦੀ ਸਕੱਤਰ ਬਣਾਇਆ ਗਿਆ। ਸਾਲ 2007 ਵਿੱਚ 5418 ਵੋਟਾਂ ਦੇ ਫਰਕ ਨਾਲ ਉਨ੍ਹਾਂ ਨੂੰ ਮੁੜ ਹਾਰ ਦੇਖਣੀ ਪਈ। ਹਲਕਾ ਨੂਰਮਹਿਲ ਖ਼ਤਮ ਹੋਣ ਉਪਰੰਤ ਉਹ ਹਲਕਾ ਨਕੋਦਰ ਤੋਂ ਕਾਂਗਰਸ ਦੀ ਟਿਕਟ ਦੇ ਦਾਅਵੇਦਾਰ ਰਹੇ। 2017 ਦੌਰਾਨ ਉਨ੍ਹਾਂ ਨੂੰ ਹਲਕਾ ਭੁਲੱਥ ਤੋਂ ਕਾਂਗਰਸ ਨੇ ਟਿਕਟ ਦਿੱਤੀ ਪਰ ਉਨ੍ਹਾਂ ਚੋਣ ਲੜਨ ਤੋਂ ਇਨਕਾਰ ਕਰ ਕੇ ਹਲਕਾ ਨਕੋਦਰ ਤੋਂ ਬਤੌਰ ਆਜ਼ਾਦ ਉਮੀਦਵਾਰ ਚੋਣ ਲੜੀ, ਜਿਸ 'ਚ ਉਨ੍ਹਾਂ ਨੂੰ ਸਿਰਫ਼ 1664 ਵੋਟ ਹੀ ਮਿਲੇ। ਉਹ ਪੰਜਾਬ ਦੀ ਸਿਆਸਤ ਵਿੱਚ ਬਾਗੀ ਆਗੂ ਵਜੋਂ ਜਾਣੇ ਜਾਂਦੇ ਰਹਿਣਗੇ।

# ਦੋ ਹਜ਼ਾਰ ਦੇ ਨੋਟ ਬਦਲਣ ਲਈ ਆਖ਼ਰੀ ਤਰੀਕ ਵਧਾਉਣ ਦੀ ਕੋਈ ਤਜਵੀਜ਼ ਨਹੀਂ-ਕੇਂਦਰ

ਨਵੀਂ ਦਿੱਲੀ-ਵਿੱਤ ਮੰਤਰਾਲੇ ਨੇ ਅੱਜ ਕਿਹਾ ਕਿ 2 ਹਜ਼ਾਰ ਦੇ ਨੋਟ ਬਦਲਣ ਲਈ ਦਿੱਤੀ ਗਈ ਆਖਰੀ ਤਰੀਕ 30 ਸਤੰਬਰ ਤੋਂ ਅੱਗੇ ਵਧਾਉਣ ਦੀ ਕੋਈ ਤਜਵੀਜ਼ ਨਹੀਂ ਹੈ। ਲੋਕ ਸਭਾ ਵਿਚ ਲਿਖਤੀ ਜਵਾਬ ਦਾਖਲ ਕਰਦਿਆਂ ਵਿੱਤ ਰਾਜ ਮੰਤਰੀ ਪੰਕਜ ਚੌਧਰੀ ਨੇ ਕਿਹਾ ਕਿ 'ਫ਼ਿਲਹਾਲ ਇਹ ਮਾਮਲਾ ਵਿਚਾਰ ਅਧੀਨ ਨਹੀਂ ਹੈ।' ਚੌਧਰੀ ਨੇ ਇਕ ਹੋਰ ਸਵਾਲ ਦੇ ਜਵਾਬ ਵਿਚ ਕਿਹਾ ਕਿ ਸਰਕਾਰ ਦੀ ਹੋਰ ਵੱਡੇ ਨੋਟ ਬੰਦ ਕਰਨ ਦੀ ਕੋਈ ਯੋਜਨਾ ਨਹੀਂ ਹੈ। ਜ਼ਿਕਰਯੋਗ ਹੈ ਕਿ 10 ਮਈ ਨੂੰ ਰਿਜ਼ਰਵ ਬੈਂਕ ਨੇ ਸਰਕੂਲੇਸ਼ਨ ਵਿਚੋਂ 2 ਹਜ਼ਾਰ ਦੇ ਨੋਟ ਵਾਪਸ ਲੈ ਲਏ ਸਨ ਤੇ ਲੋਕਾਂ ਨੂੰ ਨੋਟ ਬੈਂਕਾਂ ਵਿਚ ਜਮ੍ਹਾਂ ਕਰਾਉਣ ਜਾਂ ਬਦਲਣ ਲਈ 30 ਸਤੰਬਰ ਤੱਕ ਦਾ ਸਮਾਂ ਦਿੱਤਾ ਸੀ। 30 ਜੂਨ ਤੱਕ ਕਰੀਬ 84,000 ਕਰੋੜ ਰੁਪਏ ਦੇ 2000 ਦੇ ਨੋਟ ਸਰਕੂਲੇਸ਼ਨ ਵਿਚ ਸਨ। ਜਦਕਿ ਨੋਟ ਵਾਪਸ ਲੈਣ ਦੇ ਐਲਾਨ ਵਾਲੇ ਦਿਨ ਅਜਿਹੀ 3.56 ਲੱਖ ਕਰੋੜ ਦੀ ਕਰੰਸੀ ਬਾਜ਼ਾਰ ਵਿਚ ਸੀ। ਆਰਬੀਆਈ ਨੇ ਕਿਹਾ ਕਿ 87 ਪ੍ਰਤੀਸ਼ਤ ਨੋਟ ਲੋਕਾਂ ਨੇ ਬੈਂਕ ਖਾਤਿਆਂ ਵਿਚ ਜਮ੍ਹਾਂ ਕਰਵਾ ਦਿੱਤੇ ਹਨ ਜਦਕਿ ਬਾਕੀ 13 ਪ੍ਰਤੀਸ਼ਤ ਹੋਰ ਨੋਟਾਂ ਨਾਲ ਬਦਲੇ ਗਏ ਹਨ। ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ ਅੱਜ ਲੋਕ ਸਭਾ ਵਿਚ ਪ੍ਰਸ਼ਨ ਕਾਲ ਦੌਰਾਨ ਦੱਸਿਆ ਕਿ ਸਰਕਾਰ ਨੇ ਬੈਂਕਾਂ ਨੂੰ ਹਦਾਇਤ ਦਿੱਤੀ ਹੈ ਕਿ ਕਰਜ਼ੇ ਦੀ ਅਦਾਇਗੀ ਦੇ ਮਾਮਲਿਆਂ ਵਿਚ ਉਹ ਸਖ਼ਤ ਕਦਮ ਨਾ ਚੁੱਕਣ। ਉਨ੍ਹਾਂ ਕਿਹਾ ਕਿ ਪ੍ਰਾਈਵੇਟ ਤੇ ਸਰਕਾਰੀ ਬੈਂਕਾਂ ਨੂੰ ਅਜਿਹੇ ਮਾਮਲੇ ਸੰਵੇਦਨਸ਼ੀਲਤਾ ਨਾਲ ਨਜਿੱਠਣ ਲਈ ਕਿਹਾ ਗਿਆ ਹੈ। ਛੋਟੇ ਕਰਜ਼ੇ ਲੈਣ ਵਾਲਿਆਂ ਬਾਰੇ ਲੋਕ ਸਭਾ ਵਿਚ ਅੱਜ ਇਕ ਸਵਾਲ ਪੁੱਛਿਆ ਗਿਆ ਸੀ।



# ਪੰਜਾਬ ਦੇ ਸੀਨੀਅਰ ਕਾਂਗਰਸ ਨੇਤਾ ਅਸ਼ਵਨੀ ਸੇਖੜੀ ਭਾਜਪਾ 'ਚ ਸ਼ਾਮਲ

ਚੰਡੀਗੜ੍ਹ-ਸੀਨੀਅਰ ਕਾਂਗਰਸੀ ਆਗੂ ਅਤੇ ਸਾਬਕਾ ਵਿਧਾਇਕ ਅਸ਼ਵਨੀ ਸੇਖੜੀ ਅੱਜ ਇੱਥੇ ਭਾਜਪਾ ਦੀ ਸੂਬਾ ਇਕਾਈ ਪ੍ਰਧਾਨ ਸੁਨੀਲ ਜਾਖੜ ਦੀ ਮੌਜੂਦਗੀ ਵਿੱਚ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ। ਸ੍ਰੀ ਸੇਖੜੀ ਦਿੱਲੀ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕਰਨ ਅਤੇ ਪਾਰਟੀ ਵਿੱਚ ਸ਼ਾਮਲ ਹੋਣ ਦਾ ਇਰਾਦਾ ਜ਼ਾਹਰ ਕਰਨ ਤੋਂ ਕੁਝ ਦਿਨ ਬਾਅਦ ਭਾਜਪਾ ਵਿੱਚ ਆਏ ਸਨ। ਉਹ 1985, 2002 ਅਤੇ 2012 ਵਿੱਚ ਤਿੰਨ ਵਾਰ ਬਟਾਲਾ ਵਿਧਾਨ ਸਭਾ ਸੀਟ ਤੋਂ ਵਿਧਾਇਕ ਰਹੇ ਅਤੇ 2002-2007 ਵਿੱਚ ਅਮਰਿੰਦਰ ਸਿੰਘ ਸਰਕਾਰ ਵਿੱਚ ਮੰਤਰੀ ਰਹੇ।

# ਭਾਰਤੀ ਮਹਿਲਾ ਅੰਜੂ ਬਣੀ ਫ਼ਾਤਿਮਾ, ਇਸਲਾਮ ਕਬੂਲ ਕਰਕੇ ਆਪਣੇ ਪਾਕਿਸਤਾਨੀ ਮਿੱਤਰ ਨਾਲ ਨਿਕਾਹ ਕੀਤਾ

ਪੇਸ਼ਾਵਰ-ਕਾਨੂੰਨੀ ਤੌਰ 'ਤੇ ਪਾਕਿਸਤਾਨ ਆਈ ਦੋ ਬੱਚਿਆਂ ਦੀ ਭਾਰਤੀ ਮਾਂ ਅੰਜੂ ਨੇ ਅੱਜ ਇਸਲਾਮ ਕਬੂਲ ਕਰਕੇ ਆਪਣੇ ਪਾਕਿਸਤਾਨੀ ਦੋਸਤ ਨਾਲ ਵਿਆਹ ਕਰਵਾ ਲਿਆ। ਅੰਜੂ (34) ਆਪਣੇ ਪਾਕਿਸਤਾਨੀ ਦੋਸਤ ਨਸਰੁੱਲਾ (29) ਦੇ ਘਰ ਰਹਿ ਰਹੀ ਹੈ। ਉਹ 2019 ਵਿੱਚ ਫੇਸਬੁੱਕ 'ਤੇ ਦੋਸਤ ਬਣ ਗਏ। ਜੋੜੇ ਨੇ ਜ਼ਿਲ੍ਹਾ ਅਤੇ ਸੈਸ਼ਨ ਜੱਜ ਦੀ ਸਥਾਨਕ ਅਦਾਲਤ ਵਿੱਚ ਵਿਆਹ ਕਰਵਾ ਲਿਆ। ਅੱਪਰ ਦੀਰ ਜ਼ਿਲ੍ਹੇ ਦੇ ਮੋਹਰਰ ਸਿਟੀ ਪੁਲੀਸ ਸਟੇਸ਼ਨ ਦੇ ਇਕ ਸੀਨੀਅਰ ਅਧਿਕਾਰੀ ਮੁਹੰਮਦ ਵਹਾਬ ਨੇ ਦੱਸਿਆ,'ਨਸਰੁੱਲਾ ਅਤੇ ਅੰਜੂ ਦਾ ਵਿਆਹ ਅੱਜ ਹੋ ਗਿਆ। ਉਸ ਦੇ ਇਸਲਾਮ ਕਬੂਲ ਕਰ ਲਿਆ ਹੈ। ਪੁਲੀਸ ਅਧਿਕਾਰੀ ਨੇ ਦੱਸਿਆ ਕਿ ਦੋਵੇਂ ਨਸਰੁੱਲਾ ਦੇ ਪਰਿਵਾਰਕ ਮੈਂਬਰਾਂ, ਪੁਲੀਸ ਮੁਲਾਜ਼ਮਾਂ ਅਤੇ ਵਕੀਲਾਂ ਦੀ ਮੌਜੂਦਗੀ ਵਿੱਚ ਦੀਰ ਬਾਲਾ ਦੀ ਜ਼ਿਲ੍ਹਾ ਅਦਾਲਤ ਵਿੱਚ ਪੇਸ਼ ਹੋਏ। ਮਲਕੰਦ ਡਿਵੀਜ਼ਨ ਦੇ ਡਿਪਟੀ ਇੰਸਪੈਕਟਰ ਜਨਰਲ ਨਾਸਿਰ ਮਹਿਮੂਦ ਸੱਤੀ ਨੇ ਅੰਜੂ ਅਤੇ ਨਸਰੁੱਲਾ ਦੇ ਵਿਆਹ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਇਸਲਾਮ ਕਬੂਲ ਕਰਨ ਤੋਂ ਬਾਅਦ ਭਾਰਤੀ ਔਰਤ ਦਾ ਨਾਂ ਫਾਤਿਮਾ ਰੱਖਿਆ ਗਿਆ ਹੈ।


Injured in an accident?

ICBC claim?

We can help.

Experienced and Professional staff are available for you. We cover all litigation expenses and if there is no recovery, there are no fees to you. Legal services also available in Punjabi,Hindi,Urdu.

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ

- ਤਜ਼ੁਰਬੇਕਾਰ ਅਤੇ ਪ੍ਰੋਫ਼ੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

We handle accident issues related to:

- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



For a fair settlement for your claim, call Mandeep Randhawa today.

604-449-7500

RM TRIAL LAWYERS

MANDEEP RANDHAWA LAW CORPORATION

PERSONAL INJURY LAWYERS

T 604-449-7500 F 604-449-7501

mrandhawa@rmlawyers.ca www.rmlawyers.ca

205-7134 King George Boulevard, Surrey, BC V3W 5A3

# ਅਖੌਤੀ ਬਾਬਿਆਂ ਦਾ ਮੱਕੜ ਜਾਲ

## ਅਖੌਤੀ ਤਾਂਤਰਿਕ ਤੇ ਬਾਬੇ ਬੇਔਲਾਦ ਜੋੜਿਆਂ ਦਾ ਸ਼ੋਸ਼ਣ ਕਰਦੇ ਰਹਿੰਦੇ ਹਨ

**ਸੁਖਵਿੰਦਰ ਸਿੰਘ ਭਾਦਲਾ**



ਸਾਡੇ ਸਮਾਜ ਵਿਚ ਆਮ ਹੀ ਦੇਖਣ ਨੂੰ ਮਿਲਦਾ ਹੈ ਕਿ ਨਵ-ਵਿਆਹੀ ਮੁਟਿਆਰ ਦਾ ਮੂੰਹ ਦੇਖਣ ਆਈਆਂ ਵਡੇਰੀ ਉਮਰ ਦੀਆਂ ਔਰਤਾਂ ਇਹ ਅਸ਼ੀਰਵਾਦ ਦਿੰਦੀਆਂ ਨਹੀਂ ਥੱਕਦੀਆਂ ਕਿ 'ਬੁੱਢ ਸੁਹਾਗਣ ਹੋਵੇ, ਦੁੱਧੀਂ-ਪੁੱਤੀਂ ਫਲੇਂ'। ਅੱਜ ਦੇ ਪੜ੍ਹੇ-ਲਿਖੇ ਵਿਆਹੁਤਾ ਜੋੜੇ ਆਪਣੀ ਮਰਜ਼ੀ ਅਨੁਸਾਰ ਪਹਿਲਾ ਬੱਚਾ ਪੈਦਾ ਕਰਦੇ ਹਨ ਪਰ ਕੁਝ ਨਵ-ਵਿਆਹੇ ਜੋੜਿਆਂ ਨੂੰ ਇਨਾ ਗਿਆਨ ਨਹੀਂ ਹੁੰਦਾ ਜਿਸ ਕਾਰਨ ਉਹ ਜਲਦੀ ਹੀ ਪਹਿਲਾ ਬੱਚਾ ਪੈਦਾ ਕਰ ਲੈਂਦੇ ਹਨ। ਅਜਿਹੇ ਜੋੜੇ ਆਪਣੇ ਬੱਚਿਆਂ ਵਿਚ ਯੋਗ ਫਾਸਲਾ ਰੱਖਣੋਂ ਅਸਮਰੱਥ ਸਿੱਧ ਹੁੰਦੇ ਹਨ। ਸਾਡੀ ਅਜੋਕੀ ਨੌਜਵਾਨ ਪੀੜ੍ਹੀ ਨੂੰ ਪਤਾ ਨਹੀਂ ਕਿਸ ਚੰਦਰੇ ਦੀ ਬੁਰੀ ਨਜ਼ਰ ਲੱਗ ਗਈ ਹੈ। ਅੱਜ ਦੇ ਸਮੇਂ ਵਿਚ ਬਹੁ-ਗਿਣਤੀ ਵਿਚ ਨਵ-ਵਿਆਹੇ ਜੋੜੇ ਚਾਹੁੰਦੇ ਹੋਏ ਵੀ ਔਲਾਦ ਦਾ ਸੁੱਖ ਪ੍ਰਾਪਤ ਨਹੀਂ ਕਰ ਸਕਦੇ। ਇਸ ਗੱਲ ਨੂੰ ਲੈ ਕੇ ਪਹਿਲਾਂ ਮੁੰਡੇ ਵਾਲੇ ਦੇ ਘਰੇ ਘੁਸਰ-ਮੁਸਰ ਸ਼ੁਰੂ ਹੁੰਦੀ ਹੈ।

ਸਮਾਂ ਪਾ ਕੇ ਇਹ ਗੱਲ ਕੁੜੀ ਦੇ ਮਾਪਿਆਂ ਤਕ ਪਹੁੰਚਦੀ ਹੈ। ਕਦੋਂ ਇਹ ਗੱਲ ਸੁਲਗਦੀ ਹੋਈ ਭਾਂਬੜ ਬਣ ਕੇ ਗਲੀ-ਮੁਹੱਲੇ 'ਚ ਫੈਲ ਜਾਂਦੀ ਹੈ, ਪਤਾ ਹੀ ਨਹੀਂ ਲੱਗਦਾ। ਇਸ ਰੋਗ ਤੋਂ ਪ੍ਰਭਾਵਿਤ ਜੋੜੇ ਚਿੰਤਾ ਵਿਚ ਰਹਿੰਦੇ ਹੋਏ ਕਦੋਂ ਮਾਨਸਿਕ ਰੋਗੀ ਬਣ ਜਾਂਦੇ ਹਨ, ਇਸ ਗੱਲ ਦਾ ਵੀ ਪਤਾ ਨਹੀਂ ਲੱਗਦਾ। ਕਈ ਵਾਰ ਇਹ ਵਿਆਹੁਤਾ ਜੋੜੇ ਆਤਮ-ਹੱਤਿਆ ਤਕ ਵੀ ਕਰ ਜਾਂਦੇ ਹਨ। ਜਾਂ ਕਈ ਵਾਰ ਹੱਸਦਾ-ਵਸਦਾ ਘਰ ਤਲਾਕ ਕਾਰਨ ਉੱਜੜ ਜਾਂਦਾ ਹੈ।

ਅੱਜ ਦੇ ਸਮੇਂ ਅਜਿਹੇ ਜੋੜਿਆਂ ਨੂੰ ਨਾ ਕੋਈ ਚਿੰਤਾ ਕਰਨ ਦੀ ਲੋੜ ਹੈ, ਨਾ ਤਲਾਕ ਤਕ ਦੀ ਨੌਬਤ ਆਵੇਗੀ ਕਿਉਂਕਿ ਅੱਜ ਹਰ ਬਿਮਾਰੀ ਦਾ ਇਲਾਜ ਸੰਭਵ ਹੈ। ਕੋਈ ਵੀ ਗ਼ਲਤ ਕਦਮ ਚੁੱਕਣ ਤੋਂ ਪਹਿਲਾਂ ਹਜ਼ਾਰ ਵਾਰ ਸੋਚਣਾ ਚਾਹੀਦਾ ਹੈ। ਵਰਤਮਾਨ ਸਮੇਂ ਵਿਚ ਬੇਔਲਾਦ ਜੋੜਿਆਂ ਦੀ ਵਧ ਰਹੀ ਗਿਣਤੀ ਚਿੰਤਾ ਦਾ ਵਿਸ਼ਾ ਹੈ। ਪੰਜਾਬ ਦੇ ਇਕ ਬਲਾਕ ਪੱਧਰ 'ਤੇ ਕੀਤੇ ਗਏ ਸਰਵੇ ਵਿਚ ਪਤਾ ਲੱਗਾ ਹੈ ਕਿ ਸੰਨ 2019-20 ਵਿਚ ਵਾਧੇ ਦੀ ਦਰ 3% ਤੋਂ ਜ਼ਿਆਦਾ ਸੀ। ਸੰਨ 2021-22 ਵਿਚ ਇਹ ਵਾਧੇ ਦੀ ਦਰ ਵਧ ਕੇ 5% ਹੋ ਗਈ। ਇਹ ਸਰਵੇ ਸਿਰਫ਼ ਪੰਜਾਬ ਦੇ ਪੇਂਡੂ ਇਲਾਕਿਆਂ ਵਿਚ ਰਹਿੰਦੇ ਯੋਗ ਜੋੜਿਆਂ ਦਾ ਕੀਤਾ ਗਿਆ ਹੈ।

ਨੌਜਵਾਨਾਂ ਵਿਚ ਵਧਦੀ ਇਸ ਬਿਮਾਰੀ ਦੇ ਕਾਰਨਾਂ ਬਾਰੇ ਜਦੋਂ ਬੁੱਧੀਜੀਵੀਆਂ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿਚ ਸਾਡੇ ਖਾਣ-ਪੀਣ ਦਾ ਬਦਲਿਆ ਢੰਗ, ਬੱਚਿਆਂ ਵੱਲੋਂ ਫਾਸਟ ਫੂਡ ਦੀ ਵਰਤੋਂ, ਸਾਡੀਆਂ ਫ਼ਸਲਾਂ, ਫ਼ਲਾਂ ਅਤੇ ਸਬਜ਼ੀਆਂ 'ਤੇ ਮਨੁੱਖੀ ਸਿਹਤ 'ਤੇ ਮਾਰੂ ਪ੍ਰਭਾਵ ਪਾਉਣ ਵਾਲੀਆਂ ਸਪਰੇਆਂ ਦੀ ਅੰਨ੍ਹੇਵਾਹ ਵਰਤੋਂ ਇਸ ਸਮੱਸਿਆ ਲਈ ਮੁੱਖ ਤੌਰ 'ਤੇ ਜ਼ਿੰਮੇਵਾਰ ਹਨ। ਮੈਡੀਸਨ ਦੇ ਇਕ ਡਾਕਟਰ ਵੱਲੋਂ ਕੀਤੇ ਗਏ ਗੰਭੀਰ ਖ਼ੁਲਾਸੇ ਨੇ ਸੋਚਣ ਲਈ ਮਜਬੂਰ ਕਰ ਦਿੱਤਾ।

ਉਸ ਨੇ ਦੱਸਿਆ ਕੇ ਹਰ ਗਲੀ-ਮੋੜ 'ਤੇ ਖੁੱਲ੍ਹੀਆਂ ਪ੍ਰਚੂਨ ਦੀਆਂ ਦੁਕਾਨਾਂ 'ਤੇ ਕੋਡੀਨ ਦੀ ਮਾਤਰਾ ਵਾਲੇ ਐਨਰਜੀ ਡਰਿੰਕ ਜਿਸ ਦੀ ਵਰਤੋਂ ਨਾਬਾਲਗ ਬੱਚਿਆਂ ਤੋਂ ਲੈ ਕੇ ਵਡੇਰੀ ਉਮਰ ਦੇ ਮਨੁੱਖਾਂ ਅਤੇ ਔਰਤਾਂ ਵੱਲੋਂ ਵੀ ਕੀਤੀ ਜਾਂਦੀ ਹੈ, ਇਹ ਐਨਰਜੀ ਡਰਿੰਕ ਵੀ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਵੱਲ ਧੱਕ ਰਹੀ ਹੈ। ਨੌਜਵਾਨਾਂ ਵਿਚ ਵਧ ਰਹੀ ਨਸ਼ਿਆਂ ਦੀ ਆਦਤ ਕਾਰਨ ਬੇਔਲਦ ਜੋੜਿਆਂ ਦੀ ਗਿਣਤੀ ਦਿਨ-ਬ-ਦਿਨ ਵਧ ਰਹੀ ਹੈ। ਜ਼ਿਆਦਾਤਰ ਬੇਔਲਾਦ ਜੋੜੇ ਵਹਿਮਾਂ-ਭਰਮਾਂ ਦੇ ਸ਼ਿਕਾਰ ਹੋ ਜਾਂਦੇ ਹਨ। ਇਨ੍ਹਾਂ 'ਚੋਂ ਬਹੁਤੇ ਤਾਂ ਤਾਂਤਰਿਕਾਂ ਅਤੇ ਅਖੌਤੀ ਸੰਤਾਂ ਵੱਲੋਂ ਬਣਾਏ ਡੇਰਿਆਂ ਵਿਚ ਆਰਥਿਕ ਲੁੱਟ ਦਾ ਸ਼ਿਕਾਰ ਹੋ ਜਾਂਦੇ ਹਨ। ਇਹੀ ਨਹੀਂ, ਉੱਥੇ ਮਹਿਲਾਵਾਂ ਦਾ ਸਰੀਰਕ ਸ਼ੋਸ਼ਣ ਵੀ ਕੀਤਾ ਜਾਂਦਾ ਹੈ। ਇਹ ਲੇਖ ਲਿਖਣ ਤੋਂ ਪਹਿਲਾਂ ਮੈਂ ਇਸ ਬਿਮਾਰੀ ਤੋਂ ਪੀੜਤ ਕਈ ਪਰਿਵਾਰਾਂ ਨੂੰ ਮਿਲ ਕੇ ਉਨ੍ਹਾਂ ਦਾ ਪੱਖ ਜਾਣਨ ਦੀ ਕੋਸ਼ਿਸ਼ ਕੀਤੀ।

ਮੈਂ ਜਦੋਂ ਨੌਕਰੀ ਕਰਦੇ ਇਸ ਬਿਮਾਰੀ ਤੋਂ ਪੀੜਤ ਇਕ ਪਰਿਵਾਰ ਨੂੰ ਮਿਲਿਆ ਤਾਂ ਵਿਅਕਤੀ ਨੇ ਦੱਸਿਆ ਕਿ ਡਿਗਰੀ ਕਰਦੇ-ਕਰਦੇ ਮੇਰੀ ਉਮਰ 27 ਸਾਲ ਤੋਂ ਉੱਪਰ ਹੋ ਗਈ। ਫਿਰ ਨੌਕਰੀ ਦੀ ਭਾਲ ਵਿਚ ਉਮਰ 35 ਸਾਲ ਦੀ ਹੋ ਗਈ। ਵਿਆਹ ਲਈ ਯੋਗ ਕੁੜੀ ਲੱਭਦਿਆਂ ਮੇਰੀ ਉਮਰ 40 ਸਾਲਾਂ ਤੋਂ ਉੱਪਰ ਹੋ ਗਈ ਸੀ। ਉਸ ਤੋਂ ਬਾਅਦ ਔਲਾਦ ਲਈ ਭਟਕਦੇ ਰਹੇ। ਉਸ ਦਾ ਕਹਿਣ ਦਾ ਭਾਵ ਇਹ ਸੀ ਕਿ ਅੱਜ ਦੀ ਨੌਜਵਾਨ ਪੀੜ੍ਹੀ ਵਿਚ ਵਡੇਰੀ ਉਮਰ ਵਿਚ ਵਿਆਹ ਕਰਨ ਦੀ ਰੁਚੀ ਵੀ ਬੇਔਲਾਦ ਜੋੜਿਆਂ ਦੀ ਗਿਣਤੀ ਵਿਚ ਵਾਧਾ ਕਰਦੀ ਹੈ।

ਇਕ ਦਿਹਾੜੀਦਾਰ ਨਾਲ ਗੱਲ ਕੀਤੀ ਤਾਂ ਉਸ ਨੇ ਦੱਸਿਆ ਕਿ ਜਦੋਂ ਵਿਆਹ ਤੋਂ ਦੋ ਸਾਲਾਂ ਬਾਅਦ ਵੀ ਅਸੀਂ ਔਲਾਦ ਦਾ ਸੁੱਖ ਨਹੀਂ ਮਾਣਿਆ ਤਾਂ ਮਾਤਾ-ਪਿਤਾ ਮੇਰੀ ਪਤਨੀ ਨੂੰ ਪਿੰਡ ਦੇ ਇਕ ਤਾਂਤਰਿਕ ਕੋਲ ਲੈ ਗਏ। ਉਸ ਨੇ ਦੱਸਿਆ ਕਿ ਮੇਰੇ ਮਾਤਾ-ਪਿਤਾ ਨੂੰ ਔਲਾਦ ਦੇਣ ਦੀ ਗਾਰੰਟੀ ਦੇ ਕੇ ਉਸ ਤਾਂਤਰਿਕ ਨੇ ਵੱਡੀ ਦੀ ਮੰਗ ਕੀਤੀ। ਇਸ ਤੋਂ ਇਲਾਵਾ ਉਸ ਤਾਂਤਰਿਕ ਨੇ ਮੱਸਿਆ ਦੀ ਰਾਤ ਨੂੰ ਪੰਜ ਚੌਕੀਆਂ ਭਰਨ ਤੋਂ ਇਲਾਵਾ ਸਾਡੇ ਘਰ ਵਿਚ ਕਈ ਤਰ੍ਹਾਂ ਦੀਆਂ ਬੰਦਿਸ਼ਾਂ ਲਾਗੂ ਕਰ ਦਿੱਤੀਆਂ। ਉਸ ਨੇ ਦੱਸਿਆ ਕਿ ਮੇਰੇ ਮਾਤਾ ਜੀ ਦੋ ਚੌਕੀਆਂ ਸਾਡੇ ਨਾਲ ਜਾਂਦੀ ਰਹੀ। ਕਿਸੇ ਕਾਰਨ ਕਰ ਕੇ ਇਕ ਵਾਰ ਮੇਰੀ ਮਾਤਾ ਸਾਡੇ ਨਾਲ ਨਾ ਜਾ ਸਕੀ। ਉਸ ਚੌਂਕੀ 'ਤੇ ਮੈਂ ਤੇ ਮੇਰੀ ਪਤਨੀ, ਅਸੀਂ ਦੋਵੇਂ ਚਲੇ ਗਏ।

ਉਸ ਰਾਤ ਤਾਂਤਰਿਕ ਦੇ ਚੇਲਿਆਂ ਨੇ ਮੈਨੂੰ ਰਾਤ ਨੂੰ ਸੌਣ ਸਮੇਂ ਪੀਣ ਲਈ ਦੁੱਧ ਦਿੱਤਾ। ਉਸ ਨੇ ਦੱਸਿਆ ਕਿ ਦੁੱਧ ਪੀਣ ਤੋਂ ਕੁਝ ਸਮੇਂ ਬਾਅਦ ਹੀ ਮੈਨੂੰ ਹੋਸ਼ ਨਹੀਂ ਰਹੀ। ਦੋ-ਤਿੰਨ ਦਿਨਾਂ ਬਾਅਦ ਜਦੋਂ ਮੈਨੂੰ ਹੋਸ਼ ਆਈ ਤਾਂ ਮੈਂ ਸ਼ਹਿਰ ਦੇ ਸਰਕਾਰੀ ਹਸਪਤਾਲ ਵਿਚ ਦਾਖ਼ਲ ਸੀ। ਉਸ ਨੇ ਭਾਵੁਕ ਹੁੰਦਿਆਂ ਦੱਸਿਆ ਕਿ ਉਸ ਦੀ ਪਤਨੀ ਨਾਲ ਬਲਾਤਕਾਰ ਦੇ ਦੋਸ਼ ਵਿਚ ਤਾਂਤਰਿਕ ਅਤੇ ਉਸ ਦੇ ਚੇਲੇ ਹਵਾਲਾਤ ਵਿਚ ਬੰਦ ਹਨ।

ਤਾਂਤਰਿਕ ਤੇ ਉਸ ਦੇ ਚੇਲਿਆਂ ਨੇ ਕਈ ਹੋਰ ਜੁਰਮ ਵੀ ਕਬੂਲ ਕੀਤੇ ਹਨ। ਇਕ ਹੋਰ ਪੀੜਤ ਜੋ ਖਾਂਦੇ-ਪੀਂਦੇ ਪਰਿਵਾਰ ਵਿੱਚੋਂ ਹੈ, ਉਸ ਨਾਲ ਇਸ ਵਿਸ਼ੇ 'ਤੇ ਗੱਲ ਕਰੀ ਤਾਂ ਪਹਿਲਾਂ ਤਾਂ ਉਹ ਬਹੁਤ ਖੁੱਲ੍ਹ ਕੇ ਹੱਸਿਆ। ਉਸ ਨੇ ਪਿੰਡ ਦੇ ਡਾਕਟਰ ਦਾ ਬਹੁਤ ਧੰਨਵਾਦ ਕੀਤਾ। ਉਸ ਨੇ ਦੱਸਿਆ ਕਿ ਸਾਡੇ ਵਿਆਹ ਨੂੰ ਪੰਜ ਸਾਲ ਹੋ ਗਏ ਸਨ। ਸਾਡੇ ਘਰ ਬੱਚਾ ਨਾ ਹੋਣ ਕਰ ਕੇ ਬਾਬਿਆਂ ਦੇ ਡੇਰਿਆਂ ਵਿਚ ਚੱਕਰ ਲਗਾਉਣ ਦਾ ਸਿਲਸਿਲਾ ਸ਼ੁਰੂ ਹੋ ਗਿਆ। ਤਕਰੀਬਨ ਸਾਰਿਆਂ ਤੋਂ ਆਪਣੀ ਆਰਥਿਕ ਲੁੱਟ ਕਰਵਾ ਕੇ ਥੱਕ-ਹਾਰ ਕੇ ਨਿਰਾਸ਼ ਹੋ ਕੇ ਅਪਣੇ ਘਰੇ ਬੈਠ ਗਏ।

ਉਸ ਨੇ ਦੱਸਿਆ ਕਿ ਮੈਂ ਆਪਣੀ ਖੇਤੀ ਵੱਲ ਬਿਲਕੁਲ ਵੀ ਧਿਆਨ ਨਹੀਂ ਦੇ ਸਕਿਆ ਜਿਸ ਕਾਰਨ ਮੈਨੂੰ ਜ਼ਮੀਨ ਵੇਚਣੀ ਪਈ। ਕਦੋਂ ਮੈਂ ਮਾਨਸਿਕ ਰੋਗੀ ਹੋ ਗਿਆ, ਇਸ ਗੱਲ ਦਾ ਵੀ ਮੈਨੂੰ ਪਤਾ ਨਹੀਂ ਲੱਗਿਆ। ਉਸ ਨੇ ਦੱਸਿਆ ਕਿ ਇਕ ਰਾਤ ਮੈਂ ਬਹੁਤ ਜ਼ਿਆਦਾ ਬਿਮਾਰ ਹੋ ਗਿਆ। ਮੁੱਢਲੀ ਸਹਾਇਤਾ ਲਈ ਮੇਰੇ ਪਿਤਾ ਜੀ ਪਿੰਡ ਦਾ ਉਹੀ ਡਾਕਟਰ ਲੈ ਕੇ ਆਏ। ਉਸ ਨੇ ਮੇਰੇ ਪਿਤਾ ਨੂੰ ਚੰਡੀਗੜ੍ਹ ਵਿਖੇ ਇਕ ਬੇਬੀ ਟੈਸਟ ਟਿਊਬ ਸੈਂਟਰ ਬਾਰੇ ਦੱਸਿਆ।


ਪਿਤਾ ਜੀ ਕੁਝ ਦਿਨਾਂ ਬਾਅਦ ਹੀ ਮੈਨੂੰ ਅਤੇ ਮੇਰੀ ਪਤਨੀ ਨੂੰ ਚੰਡੀਗੜ੍ਹ ਦੇ ਬੇਬੀ ਟੈਸਟ ਟਿਊਬ ਸੈਂਟਰ ਵਿਚ ਜਾਣ ਲਈ ਕਿਹਾ ਜਿੱਥੇ ਮੇਰੇ ਤੇ ਮੇਰੀ ਪਤਨੀ ਦੇ ਕੁਝ ਟੈਸਟ ਕੀਤੇ ਗਏ। ਉਸ ਨੇ ਦੱਸਿਆ ਕਿ ਡਾਕਟਰ ਨੇ ਮੇਰੀ ਪਤਨੀ ਦਾ ਛੋਟਾ ਜਿਹਾ ਆਪ੍ਰੇਸ਼ਨ ਵੀ ਕੀਤਾ। ਆਪ੍ਰੇਸ਼ਨ ਤੋਂ ਕੁਝ ਮਹੀਨੇ ਬਾਅਦ ਹੀ ਸਾਡੇ ਘਰੇ ਖ਼ੁਸ਼ੀ ਦਾ ਮਾਹੌਲ ਸੀ। ਉਸ ਨੇ ਦੱਸਿਆ ਕਿ ਮੇਰੇ ਘਰ ਦੋ ਲੜਕੇ ਤੇ ਇਕ ਲੜਕੀ ਨੇ ਜਨਮ ਲੈ ਲਿਆ ਸੀ। ਅਸੀਂ ਪਰਮਾਤਮਾ ਦਾ ਸ਼ੁਕਰਾਨਾ ਕੀਤਾ। ਉਸ ਨੇ ਅਜਿਹੇ ਮਰੀਜ਼ਾਂ ਨੂੰ ਅਪੀਲ ਵੀ ਕੀਤੀ ਕਿ ਡੇਰਿਆਂ ਵਿਚ ਆਪਣੀ ਲੁੱਟ ਕਰਵਾਉਣ ਨਾਲੋਂ ਕਿਸੇ ਵਧੀਆ ਡਾਕਟਰ ਤੋਂ ਆਪਣਾ ਇਲਾਜ ਕਰਵਾ ਲਓ।










CROWN
FUNDING
ਕਿਸੇ ਵੀ ਤਰ੍ਹਾਂ ਦੀ
ਮੌਰਗੇਜ ਲੈਣ ਲਈ
ਸੰਪਰਕ ਕਰੋ
• ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
• ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
• ਰੈਜ਼ੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੌਰਗੇਜ
HARRY KHOSA
Mortgage Consultant
harpreetfunding@gmail.com
@harpreetfunding
@HARPREETFUNDING
Refer someone to us and get referral fee
Ph: 778.558.9745


Broadcasting Across North America
MULTI CULTURAL
AM 1600/FM 105.3
Vancouver
ਰੇਡੀਓ ਪੰਜਾਬ
Radio Punjab
Sukhdev Singh Dhillon
CEO (Ph) : 604-345-3510
Tony Saini
Sales Manager 778-308-1600
Sarbraj Singh Kahlon
General Manager 604-307-3510
PROGRAMMING
MONDAY - FRIDAY
Gurbani Vichaar
By: Dupinder K Saran
6:00-7:00 AM
The Jaskaran Show
7:00-10:00 AM
Parmvir S Baath
9:00-10:00 AM
The Baljinder K Show
10:00 AM-12:00 PM
Sanjhe Vichaar
By Amrit Bhatti
12:00-2:00 PM
The Lovey Pannu Show
2:00-4:00 PM
Mehak Punjab Di
By Preet Goswami
4:00-5:00 PM
The Paul Brar Show
5:00-8:00 PM
Nazaria
By Arashdeep Singh
8:00-10:00 PM
Vancouver AM1600/Surrey FM105.3
Seattle AM 1250 Fresno AM 1600 Dallas AM 890
Baskersfield AM 1490 Indianapolis AM 1470
Download Radio Punjab
Official App from:
Google play
Download on the App Store
WEEKENDS
Sakatar S. Sandhu
Seattle
Kamal Aujla
8am -10 am
Harsharan Dhaliwal
10-12 pm
Dr Jass Malkeet
12-2 pm sundays
Parmeet Kaur
2-4 pm
Neema Manral
4-6 pm
Angrej Singh Brar
12-2 pm Saturdays
Amarjit S. Sidhu
6-9 pm
Studio : 604-335-1313 Sales : 604-307-3510
E-mail: info@radiopunjab.com, Web: www.radiopunjab.ca


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
8Lt
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786

## ਸ਼ਹੀਦੀ ਦਿਵਸ 'ਤੇ ਵਿਸ਼ੇਸ਼

# ਅਣਖੀ ਤੇ ਕ੍ਰਾਂਤੀਕਾਰੀ ਯੋਧਾ ਸ਼ਹੀਦ ਊਧਮ ਸਿੰਘ

ਜਲ੍ਹਿਆਂਵਾਲੇ ਬਾਗ ਦੇ ਖ਼ੂਨੀ ਸਾਕੇ ਲਈ ਜ਼ਿੰਮੇਵਾਰ ਪੰਜਾਬ ਦੇ ਤਤਕਾਲੀਨ ਗਵਰਨਰ ਮਾਈਕਲ ਓਡਵਾਇਰ ਤੋਂ ਇੰਗਲੈਂਡ ਵਿਚ ਜਾ ਕੇ ਬਦਲਾ ਲੈਣ ਵਾਲੇ ਸੂਰਬੀਰ ਮਹਾਨ ਕ੍ਰਾਂਤੀਕਾਰੀ ਸ਼ਹੀਦ ਸ: ਊਧਮ ਸਿੰਘ ਦਾ ਜਨਮ 26 ਦਸੰਬਰ, 1899 ਨੂੰ ਮੌਜੂਦਾ ਜ਼ਿਲ੍ਹੇ ਸੰਗਰੂਰ ਦੇ ਕਸਬੇ ਸੁਨਾਮ ਵਿਖੇ ਹੋਇਆ ਸੀ। ਸ: ਊਧਮ ਸਿੰਘ ਦਾ ਬਚਪਨ ਦਾ ਨਾਂਅ ਸ਼ੇਰ ਸਿੰਘ ਸੀ। ਪਿਤਾ ਸ: ਟਹਿਲ ਸਿੰਘ ਪਿੰਡ ਉੱਪਲ ਵਿਖੇ ਰੇਲਵੇ ਕਰਾਸਿੰਗ 'ਤੇ ਚੌਂਕੀਦਾਰ ਵਜੋਂ ਕੰਮ ਕਰਦੇ ਸਨ। 5-6 ਸਾਲ ਦੀ ਉਮਰ ਵਿਚ ਹੀ ਸ਼ੇਰ ਸਿੰਘ ਦੇ ਮਾਤਾ-ਪਿਤਾ ਪ੍ਰਲੋਕ ਸਿਧਾਰ ਗਏ।

24 ਅਕਤੂਬਰ, 1907 ਨੂੰ ਸ਼ੇਰ ਸਿੰਘ ਅਤੇ ਭਰਾ ਮੁਕਤਾ ਸਿੰਘ ਨੂੰ ਸੈਂਟਰਲ ਖ਼ਾਲਸਾ ਯਤੀਮਘਰ, ਪੁਤਲੀਘਰ, ਅੰਮ੍ਰਿਤਸਰ ਵਿਖੇ ਦਾਖ਼ਲ ਕਰਵਾ ਦਿੱਤਾ ਗਿਆ। ਇੱਥੇ ਸ਼ੇਰ ਸਿੰਘ ਦਾ ਨਾਂਅ ਬਦਲ ਕੇ ਊਧਮ ਸਿੰਘ ਅਤੇ ਭਰਾ ਮੁਕਤਾ ਸਿੰਘ ਦਾ ਨਾਂਅ ਸਾਧੂ ਸਿੰਘ ਰੱਖ ਦਿੱਤਾ ਗਿਆ। 1917 ਨੂੰ ਸਾਧੂ ਸਿੰਘ ਦੀ ਮੌਤ ਹੋ ਗਈ। ਊਧਮ ਸਿੰਘ ਇਸ ਸੰਸਾਰ ਵਿਚ ਇਕੱਲਾ ਹੀ ਰਹਿ ਗਿਆ। ਊਧਮ ਸਿੰਘ ਨੇ 1918 'ਚ ਮੈਟ੍ਰਿਕ ਦੀ ਪ੍ਰੀਖਿਆ ਪਾਸ ਕੀਤੀ।

ਅੰਮ੍ਰਿਤਸਰ ਵਿਖੇ 13 ਅਪ੍ਰੈਲ, 1919 ਨੂੰ ਜਲ੍ਹਿਆਂਵਾਲੇ ਬਾਗ ਦਾ ਵਾਪਰਿਆ ਖ਼ੂਨੀ ਸਾਕਾ ਊਧਮ ਸਿੰਘ ਨੇ ਆਪਣੇ ਅੱਖੀਂ ਦੇਖਿਆ। ਇਸ ਘਟਨਾ ਨੇ ਊਧਮ ਸਿੰਘ ਦਾ ਮਨ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਉਹ ਕਿਸੇ ਨਾ ਕਿਸੇ ਤਰ੍ਹਾਂ ਇਸ ਦਾ ਬਦਲਾ ਲੈਣਾ ਚਾਹੁੰਦਾ ਸੀ। ਇਸ ਦੁਖਦਾਈ ਘਟਨਾ ਨੇ ਊਧਮ ਸਿੰਘ ਨੂੰ ਕ੍ਰਾਂਤੀਕਾਰੀ ਬਣਾ ਦਿੱਤਾ। ਜਲਦੀ ਹੀ ਉਹ ਅਮਰੀਕਾ ਚਲਾ ਗਿਆ। ਉਹ 1920 'ਚ ਬੱਬਰ ਅਕਾਲੀਆਂ ਦੀਆਂ ਕ੍ਰਾਂਤੀਕਾਰੀ ਸਰਗਰਮੀਆਂ ਬਾਰੇ ਜਾਣਕਾਰੀ ਲੈ ਕੇ ਵਾਪਸ ਭਾਰਤ ਆ ਗਿਆ। ਊਧਮ ਸਿੰਘ ਆਪਣੇ ਨਾਲ ਗੁਪਤ ਤਰੀਕੇ ਨਾਲ ਪਿਸਤੌਲ ਲੈ ਆਇਆ। ਅੰਮ੍ਰਿਤਸਰ ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਆਰਮ ਐਕਟ ਅਧੀਨ 4 ਸਾਲ ਕੈਦ ਦੀ ਸਜ਼ਾ ਹੋ ਗਈ। ਜੇਲ੍ਹ ਤੋਂ ਰਿਹਾਅ ਹੋਣ ਉਪਰੰਤ ਊਧਮ ਸਿੰਘ ਆਪਣੇ ਪਿੰਡ ਸੁਨਾਮ ਵਿਖੇ ਚਲਾ ਗਿਆ। ਇੱਥੇ ਪੁਲਿਸ ਨੇ ਉਸ ਨੂੰ ਤੰਗ-ਪ੍ਰੇਸ਼ਾਨ ਕਰਨਾ ਜਾਰੀ ਰੱਖਿਆ। ਉਹ ਫਿਰ ਵਾਪਸ ਅੰਮ੍ਰਿਤਸਰ ਆ ਗਿਆ। ਇੱਥੇ ਉਸ ਨੇ ਰੰਗ-ਰੋਗਨ ਦੀ ਦੁਕਾਨ ਖੋਲ੍ਹ ਲਈ ਅਤੇ ਆਪਣਾ ਨਾਂਅ 'ਰਾਮ ਮੁਹੰਮਦ ਸਿੰਘ ਆਜ਼ਾਦ' ਰੱਖ ਲਿਆ। ਇਹ ਨਾਂਅ ਸ਼ਹੀਦ ਊਧਮ ਸਿੰਘ ਦੀ ਧਰਮ-ਨਿਰਪੱਖਤਾ ਦਾ ਪ੍ਰਤੀਕ ਹੈ।

ਊਧਮ ਸਿੰਘ, ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਕ੍ਰਾਂਤੀਕਾਰੀ ਗਰੁੱਪ ਦੀਆਂ ਸਰਗਰਮੀਆਂ ਤੋਂ ਬਹੁਤ ਪ੍ਰਭਾਵਿਤ ਸੀ। ਉਸ ਦੇ ਭਗਤ ਸਿੰਘ ਨਾਲ ਬਹੁਤ ਨੇੜਲੇ ਸਬੰਧ ਸਨ। 1935 'ਚ ਊਧਮ ਸਿੰਘ ਕਸ਼ਮੀਰ ਗਿਆ ਅਤੇ ਆਪਣੇ ਨਾਲ ਸ਼ਹੀਦ ਭਗਤ ਸਿੰਘ ਦੀ ਤਸਵੀਰ (ਪੋਟਰੇਟ) ਲੈ ਗਿਆ। 6 ਮਹੀਨੇ ਕਸ਼ਮੀਰ 'ਚ ਰਹਿਣ ਉਪਰੰਤ ਊਧਮ ਸਿੰਘ ਇੰਗਲੈਂਡ ਚਲਾ ਗਿਆ।

ਉਹ ਜਲ੍ਹਿਆਂਵਾਲੇ ਬਾਗ ਅੰਮ੍ਰਿਤਸਰ ਵਿਖੇ ਵਾਪਰੇ ਦੁਖਦਾਈ ਖ਼ੂਨੀ-ਸਾਕੇ ਦੀ ਘਟਨਾ ਦਾ ਬਦਲਾ ਉਸ ਸਮੇਂ ਦੇ ਪੰਜਾਬ ਦੇ ਗਵਰਨਰ ਮਾਈਕਲ ਓਡਵਾਇਰ ਤੋਂ ਲੈਣਾ ਚਾਹੁੰਦਾ ਸੀ। ਆਖਰ



ਕਰੀਬ 21 ਸਾਲ ਦੇ ਲੰਬੇ ਇੰਤਜ਼ਾਰ ਤੋਂ ਬਾਅਦ ਬਦਲਾ ਲੈਣ ਦਾ ਸਮਾਂ ਆ ਹੀ ਗਿਆ। 13 ਮਾਰਚ, 1940 ਨੂੰ ਸ਼ਾਮ ਦੇ 4.30 ਵਜੇ ਲੰਡਨ ਦੇ ਕੈਕਸਟਨ ਹਾਲ ਵਿਚ ਈਸਟ ਇੰਡੀਆ ਐਸੋਸੀਏਸ਼ਨ ਅਤੇ ਰਾਇਲ ਸੈਂਟਰਲ ਏਸ਼ੀਅਨ ਸੁਸਾਇਟੀ ਦੀ ਮੀਟਿੰਗ ਚਲ ਰਹੀ ਸੀ। ਇੱਥੇ ਬਹੁਤ ਭੀੜ ਸੀ। ਦਲੇਰੀ ਨਾਲ ਊਧਮ ਸਿੰਘ ਮੰਚ ਦੇ ਕੋਲ ਪਹੁੰਚ ਗਿਆ। ਜਦ ਮਾਈਕਲ ਓਡਵਾਇਰ ਆਪਣਾ ਭਾਸ਼ਣ ਦੇ ਕੇ ਆਪਣੀ ਸੀਟ ਵੱਲ ਜਾ ਰਿਹਾ ਸੀ ਤਾਂ ਸ: ਊਧਮ ਸਿੰਘ ਨੇ ਆਪਣੇ ਪਿਸਤੌਲ ਨਾਲ 5-6 ਗੋਲੀਆਂ ਮਾਈਕਲ ਓਡਵਾਇਰ ਦੇ ਮਾਰੀਆਂ, ਜਿਸ ਨਾਲ ਉਹ ਉਸ ਥਾਂ 'ਤੇ ਹੀ ਢਹਿ-ਢੇਰੀ ਹੋ ਗਿਆ। ਮੀਟਿੰਗ ਦੀ ਪ੍ਰਧਾਨਗੀ ਕਰ ਰਿਹਾ ਲਾਰਡ ਜੇਟਲੈਂਡ 'ਸੈਕਟਰੇਟੀ ਆਫ ਸਟੇਟ ਫਾਰ ਇੰਡੀਆ' ਜ਼ਖ਼ਮੀ ਹੋ ਗਿਆ। ਊਧਮ ਸਿੰਘ ਇੱਥੋਂ ਦੌੜਨ ਦੀ ਬਜਾਏ ਉੱਥੇ ਹੀ ਨਿਰਡਰਤਾ ਨਾਲ ਖੜ੍ਹਾ ਰਿਹਾ ਅਤੇ ਇਹੀ ਕਹਿੰਦਾ ਰਿਹਾ ਕਿ ਮੈਂ ਆਪਣੇ ਦੇਸ਼ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਅ ਲਈ ਹੈ। ਪਹਿਲੀ ਅਪ੍ਰੈਲ, 1940 ਨੰ ਊਧਮ ਸਿੰਘ ਨੂੰ ਮਾਈਕਲ ਓਡਵਾਇਰ ਦੇ ਕਤਲ ਲਈ ਲੰਡਨ ਦੀ ਅਦਾਲਤ ਵਿਚ

ਮਾਈਕਲ ਓਡਵਾਇਰ ਆਪਣਾ ਭਾਸ਼ਣ ਦੇ ਕੇ ਆਪਣੀ ਸੀਟ ਵੱਲ ਜਾ ਰਿਹਾ ਸੀ ਤਾਂ ਸ: ਊਧਮ ਸਿੰਘ ਨੇ ਆਪਣੇ ਪਿਸਤੌਲ ਨਾਲ 5-6 ਗੋਲੀਆਂ ਮਾਈਕਲ ਓਡਵਾਇਰ ਦੇ ਮਾਰੀਆਂ, ਜਿਸ ਨਾਲ ਉਹ ਉਸ ਥਾਂ 'ਤੇ ਹੀ ਢਹਿ-ਢੇਰੀ ਹੋ ਗਿਆ। ਮੀਟਿੰਗ ਦੀ ਪ੍ਰਧਾਨਗੀ ਕਰ ਰਿਹਾ ਲਾਰਡ ਜੇਟਲੈਂਡ 'ਸੈਕਟਰੇਟੀ ਆਫ ਸਟੇਟ ਫਾਰ ਇੰਡੀਆ' ਜ਼ਖ਼ਮੀ ਹੋ ਗਿਆ। ਊਧਮ ਸਿੰਘ ਇੱਥੋਂ ਦੌੜਨ ਦੀ ਬਜਾਏ ਉੱਥੇ ਹੀ ਨਿਰਡਰਤਾ ਨਾਲ ਖੜ੍ਹਾ ਰਿਹਾ ਅਤੇ ਇਹੀ ਕਹਿੰਦਾ ਰਿਹਾ ਕਿ ਮੈਂ ਆਪਣੇ ਦੇਸ਼ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਅ ਲਈ ਹੈ।

ਪੇਸ਼ ਕੀਤਾ ਗਿਆ। 4 ਜੂਨ, 1940 ਨੂੰ ਸੈਂਟਰਲ ਕ੍ਰੀਮੀਨਲ ਕੋਰਟ ਔਲਡ ਬੇਲੇਈ ਵਿਖੇ ਜਸਟਿਸ ਅਟਕੀਨਸਨ ਨੇ ਊਧਮ ਸਿੰਘ ਨੂੰ ਮਾਈਕਲ ਓਡਵਾਇਰ ਨੂੰ ਮਾਰਨ ਦਾ ਕਾਰਨ ਪੁੱਛਿਆ ਤਾਂ ਊਧਮ ਸਿੰਘ ਨੇ ਜਵਾਬ ਦਿੱਤਾ ਕਿ ਉਹ ਸਾਡਾ ਪੁਰਾਣਾ ਦੁਸ਼ਮਣ ਸੀ ਅਤੇ ਉਹ ਇਸ ਸਜ਼ਾ ਦਾ ਹੱਕਦਾਰ ਸੀ। ਜੱਜ ਨੇ ਊਧਮ ਸਿੰਘ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ। 40 ਸਾਲ ਦੀ ਉਮਰ ਵਿੱਚ 31 ਜੁਲਾਈ, 1940 ਨੂੰ ਲੰਡਨ ਵਿਖੇ ਪੈਂਟੋਨਵਿਲੇ ਜੇਲ੍ਹ ਵਿਚ ਊਧਮ ਸਿੰਘ ਨੂੰ ਫਾਂਸੀ ਲਗਾ ਦਿੱਤੀ ਗਈ। ਭਾਰਤ ਸਰਕਾਰ ਨੇ 31 ਜੁਲਾਈ, 1974 ਨੂੰ ਸ਼ਹੀਦ ਊਧਮ ਸਿੰਘ ਦੀਆਂ ਅਸਥੀਆਂ ਇੰਗਲੈਂਡ ਤੋਂ ਲਿਆ ਕੇ ਸੁਨਾਮ ਵਿਚ ਇਨ੍ਹਾਂ ਦਾ ਅੰਤਿਮ ਸੰਸਕਾਰ ਪੂਰੇ ਸਨਮਾਨ ਨਾਲ ਕੀਤਾ ਸੀ। ਅੱਜ ਊਧਮ ਸਿੰਘ ਦੇ ਸ਼ਹੀਦੀ ਦਿਵਸ ਮੌਕੇ ਸਮੁੱਚਾ ਰਾਸ਼ਟਰ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰ ਰਿਹਾ ਹੈ।

SUNNY SANGHA • PERSONAL REAL ESTATE CORPORATION

**14317 31A AVENUE, SURREY**





Architectural elegance at it's finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call now to book your private showing!

**#92 15111 EDMUND DRIVE**




Welcome to Townsend! This beautiful unit is one of the largest in the entire complex, boasting 1,976 sq ft. of living space. Built in 2019 by award-winning builder, Polygon, this beautiful townhome features 4 spacious bedrooms - 3 on the top floor, and 1 on the ground floor as guest quarters, 3.5 bathrooms, as well as a grand main floor which includes a large family room and separate dining area. The guest quarters on the ground floor feature a spacious bedroom and a full bathroom, and a double side-by-side garage. In addition to the double garage, there are an additional two parking spots outside. The home has been exceptionally maintained by its current owners. Call to book your private showing today.

**UNIT 2808 13615 FRASER HWY**




Welcome to King George Hub, built by PCI is one of the most sought-after locations in central Surrey. Move in or Invest in the fastest-growing city in BC. This bright north-facing unit is located in the master-planned community with all of your needs at your doorstep. The unit is finished with laminate flooring, quartz countertops, and wall-to-wall windows for natural light. The unit has one parking, one storage locker, and an already paid-for EV charger.

**LOT B 20444 46A AVENUE, LANGLEY**




9000 sqft lot available to build your dream home in Langley City's one of the best pockets. You can build a 3 story house on a flat rectangular lot. The location is close to all shopping and the newly approved sky train.

**LOT A 33734 MAYFAIR AVENUE, SURREY**

Welcome to Central Abbotsford this brand new three-lot subdivision. The lots will be ready to build in 4-6 months. You can build a 3600sqft home.



Sunny Sangha
604-356-5555

SUNNY SANGHA
Personal Real Estate Corporation

CENTURY 21
Coastal Realty Ltd.

MLS MEDALLION CLUB MEMBER

Ram Johal
604-356-5555



www.sunnysangha.com | info@sunnysangha.com




# ਮਾਹਵਾਰੀ ਦੌਰਾਨ ਰੱਖੋ ਖਾਸ ਧਿਆਨ

**ਡਾ: ਅੰਜੂਲਾ ਵਰਮਾ**

ਲੜਕੀਆਂ ਆਮ ਤੌਰ 'ਤੇ 10 ਤੋਂ 13 ਸਾਲ ਦੀ ਉਮਰ



'ਚ ਅੱਲੜ ਉਮਰ 'ਚ ਆਉਂਦੀਆਂ ਹਨ ਜਦੋਂ ਉਹ ਸਕੂਲ ਜਾ ਰਹੀਆਂ ਹੁੰਦੀਆਂ ਹਨ ਅਤੇ ਮਾਹਵਾਰੀ ਦੀ ਕੁਦਰਤੀ ਪ੍ਰਕਿਰਿਆ ਤੋਂ ਬਿਲਕੁਲ ਅਣਜਾਣ ਹੁੰਦੀਆਂ ਹਨ ਜਿਵੇਂ ਕਿ ਸਾਡੇ ਸਮਾਜ 'ਚ, ਬੇਟੀਆਂ ਨੂੰ ਮਾਂ ਵੱਲੋਂ ਮਹਿਲਾ ਸਰੀਰ ਦੀ ਇਸ ਕੁਦਰਤੀ ਜੈਵਿਕ ਪ੍ਰਕਿਰਿਆ ਦੇ ਬਾਰੇ 'ਚ ਸਲਾਹ ਦੇਣ ਦੀ ਰਵਾਇਤ ਹੈ। ਮਾਂ ਨੂੰ ਉਨ੍ਹਾਂ ਨੂੰ ਦੋਸਤਾਨਾ ਤਰੀਕੇ ਨਾਲ ਸਿੱਖਿਅਤ ਕਰਨਾ ਚਾਹੀਦਾ ਹੈ ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਪਾਠ ਦਾ ਦਾਇਰਾ ਉਦੋਂ ਖ਼ਤਮ ਹੋ ਜਾਂਦਾ ਹੈ ਜਦੋਂ ਇਸ ਨੂੰ ਗੁਪਤ ਰੱਖਿਆ ਜਾਂਦਾ ਹੈ। ਅਲੜ ਕੁੜੀਆਂ ਨੂੰ ਘੱਟ ਉਮਰ 'ਚ ਹੀ ਪੀਰੀਅਡਸ ਬਾਰੇ ਸਿੱਖਿਅਤ ਕਰਨਾ ਜ਼ਰੂਰੀ ਹੈ। ਸਕੂਲਾਂ 'ਚ ਮਹਿਲਾ ਅਧਿਆਪਕਾਵਾਂ ਵੀ ਅੱਲੜ੍ਹ ਮੁਟਿਆਰਾਂ ਨੂੰ ਮਾਹਵਾਰੀ ਬਾਰੇ ਜਾਗਰੂਕ ਕਰਨ ਦੀ ਬਜਾਏ ਉਨ੍ਹਾਂ ਨੂੰ ਝਿੜਕਣਾ ਸ਼ੁਰੂ ਕਰ ਦਿੰਦੀਆਂ ਹਨ। ਜੇਕਰ ਸੰਜੋਗ ਨਾਲ ਸਕੂਲ 'ਚ ਕਿਸੇ ਲੜਕੀ ਨਾਲ ਅਜਿਹਾ ਹੋ ਜਾਂਦਾ ਹੈ ਕਿਉਂਕਿ ਇਹ ਪਹਿਲੀ ਵਾਰ ਸ਼ੁਰੂ ਹੁੰਦਾ ਹੈ, ਇਸ ਲਈ ਇਹ ਸੁਭਾਵਿਕ ਹੈ ਕਿ ਅੱਲੜ ਮੁਟਿਆਰਾਂ ਘਬਰਾ ਜਾਂਦੀਆਂ ਹਨ, ਇਸ ਲਈ ਉਸ ਸਮੇਂ ਟੀਚਰ ਤੋਂ ਦੋਸਤਾਨਾ ਸ਼ਬਦਾਂ ਦੀ ਲੋੜ ਹੁੰਦੀ ਹੈ, ਕਿਉਂਕਿ ਕਦੇ-ਕਦੇ ਮਾਹਵਾਰੀ ਥੋੜ੍ਹੀ ਦਰਦਨਾਕ ਹੁੰਦੀ ਹੈ, ਜਿਸ ਤੋਂ ਲੜਕੀ ਨੂੰ ਕੁੱਝ ਅਸਹਿਜਤਾ ਹੁੰਦੀ ਹੈ। ਕੁਝ ਵੀ ਗਲਤ ਨਾ ਦੱਸ ਕੇ ਲੜਕੀਆਂ ਨੂੰ ਇਸ ਕੁਦਰਤੀ ਅਤੇ ਨਿਰੰਤਰ ਪ੍ਰਕਿਰਿਆ ਦੇ ਬਾਰੇ 'ਚ ਵਿਵੇਕਪੂਰਨ ਤਰੀਕੇ ਨਾਲ ਸਲਾਹ ਦਿੱਤੀ ਜਾਣੀ ਚਾਹੀਦੀ ਹੈ। ਕਿਉਂਕਿ ਇਹ ਇਕ ਕੁਦਰਤੀ ਜੈਵਿਕ ਪ੍ਰਕਿਰਿਆ ਹੈ, ਔਰਤਾਂ ਪੀਰੀਅਡਸ ਦੌਰਾਨ ਖੁਦ ਨੂੰ ਅਪਵਿੱਤਰ ਕਿਉਂ ਮੰਨਦੀਆਂ ਹਨ ਸਗੋਂ ਉਨ੍ਹਾਂ ਨੂੰ ਸੈਨਿਟਰੀ ਨੈਪਕਿਨ ਦੀ ਵਰਤੋਂ ਕਰਕੇ ਇਸ ਮਿਆਦ ਦੌਰਾਨ ਸਵੱਛਤਾ ਰੱਖਣ ਦੇ ਬਾਰੇ 'ਚ ਠੀਕ ਤਰ੍ਹਾਂ ਦੱਸਿਆ ਜਾਣਾ ਚਾਹੀਦਾ ਹੈ ਨਹੀਂ ਤਾਂ ਪ੍ਰਜਨਨ ਦੀ ਰਾਹ 'ਚ ਇਨਫੈਕਸ਼ਨ ਦਾ ਕਾਰਨ ਬਣ ਸਕਦਾ ਹੈ। ਲੜਕੀਆਂ ਨੂੰ ਇਸ ਪ੍ਰਕਿਰਿਆ ਨੂੰ ਸ਼ਰਮ ਦਾ ਸ਼ਿਕਾਰ ਨਹੀਂ ਸਮਝਣਾ ਚਾਹੀਦਾ। ਇਹ ਸਾਡੇ ਸਮਾਜ 'ਚ ਵਿਸ਼ੇਸ਼ ਰੂਪ ਨਾਲ ਦਿਹਾਤੀ ਖੇਤਰਾਂ ਵਿਚ ਸ਼ਰਾਪ ਹੈ ਕਿ ਲੜਕੀਆਂ ਨੂੰ ਅੱਲੜ ਉਮਰ 'ਚ ਸਕੂਲਾਂ 'ਚੋਂ ਕੱਢ ਦਿੱਤਾ ਜਾਂਦਾ ਹੈ ਕਿਉਂਕਿ ਸਕੂਲਾਂ 'ਚ ਜਾਗਰੂਕਤਾ ਦੀ ਕਮੀ ਅਤੇ ਉਚਿਤ ਪਾਣੀ ਦੀ ਸਪਲਾਈ ਆਦਿ ਦੀ ਕਮੀ ਹੁੰਦੀ ਹੈ। ਇਸ ਲਈ ਆਸ਼ਾ ਵਰਕਰ ਅਤੇ ਹੋਰ ਸਿਹਤ ਵਰਕਰਾਂ ਦੀਆਂ ਮੈਡੀਕਲ ਟੀਮਾਂ ਨੂੰ ਇਸ ਕੁਦਰਤੀ ਚੱਕਰ ਦੇ ਬਾਰੇ 'ਚ ਜਨਤਾ ਨੂੰ ਜਾਗਰੂਕ ਕਰਨਾ ਚਾਹੀਦਾ ਹੈ, ਜਿਸ ਨੂੰ ਹਰ ਲੜਕੀ 'ਚ ਸਹੀ ਉਮਰ 'ਚ ਆਪਣਾ ਰਾਹ ਬਣਾਉਣਾ ਹੈ। ਮਾਹਵਾਰੀ ਸਵੱਛਤਾ ਦਾ ਅਧਿਕਾਰ ਹਰ ਔਰਤ ਨੂੰ ਹੈ ਪਰ ਮਾਹਵਾਰੀ ਦੀ ਇਸ ਕੁਦਰਤੀ ਪ੍ਰਕਿਰਿਆ ਨਾਲ ਔਰਤਾਂ ਗੁਪਤ ਰਹਿੰਦੀਆਂ ਹਨ। ਔਰਤਾਂ ਆਮ ਤੌਰ 'ਤੇ ਸੈਨਿਟਰੀ ਨੈਪਕਿਨ ਨੂੰ ਗੁਪਤ ਥਾਵਾਂ 'ਤੇ ਲੁਕਾ ਕੇ ਰੱਖਦੀਆਂ ਹਨ ਕਿ ਜੇਕਰ ਕੋਈ ਸੰਜੋਗ ਨਾਲ ਪੈਡ ਦੇਖ ਲੈਂਦਾ ਹੈ ਤਾਂ ਉਸ ਨੂੰ ਸ਼ਰਮਿੰਦਗੀ ਮਹਸੂਸ ਹੁੰਦੀ ਹੈ। ਅਸਲ 'ਚ ਇਹ ਜੈਵਿਕ ਕਿਰਿਆ ਇਕ ਮਹਿਲਾ ਨੂੰ ਸੰਤਾਨ ਨੂੰ ਜਨਮ ਦੇਣ 'ਚ ਸਮਰੱਥ ਬਣਾਉਂਦੀ ਹੈ ਪਰ ਦੁੱਖ ਦੀ ਗੱਲ ਹੈ ਕਿ ਇਸ ਨੂੰ ਅਸ਼ੁੱਧ ਮੰਨਿਆ ਜਾਂਦਾ ਹੈ। ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਮਾਹਵਾਰੀ ਅਸਹਿਜ ਹੁੰਦੀ ਹੈ ਅਤੇ ਕਦੇ-ਕਦੇ ਇਹ ਔਰਤਾਂ ਲਈ ਵੀ ਦਰਦਨਾਕ ਹੁੰਦੀ ਹੈ ਪਰ ਇਹ ਔਰਤ ਸਰੀਰ ਦਾ ਸਭ ਤੋਂ ਅਹਿਮ ਕੁਦਰਤੀ ਕੰਮ ਹੈ। ਇਹ ਅਸਲ 'ਚ ਸ਼ਰਮਨਾਕ ਹੈ ਜਦੋਂ ਕਿਸੇ ਦਫ਼ਤਰ 'ਚ ਕੰਮ ਕਰਨ ਵਾਲੀ ਔਰਤ ਨੂੰ ਇਸ ਦੌਰਾਨ ਛੁੱਟੀ ਲੈਣੀ ਪੈਂਦੀ ਹੈ, ਉਸ ਨੂੰ ਛੁੱਟੀ ਲੈਣ ਕਾਰਨ ਬਣਾਉਣਾ ਪੈਂਦਾ ਹੈ ਅਤੇ ਉਹ ਆਪਣੇ ਮਰਦ ਸੀਨੀਅਰ ਨੂੰ ਅਸਲ ਨਹੀਂ ਕਹਿ ਸਕਦੀ ਹੈ।

# ਗਰਮੀਆਂ ਵਿਚ ਬਿਲ ਦਾ ਜੂਸ ਪੀਣਾ ਸਿਹਤ ਲਈ ਹੈ ਗੁਣਕਾਰੀ



**ਵਰਿੰਦਰ ਕੌਰ**

ਗਰਮੀ ਤੋਂ ਰਾਹਤ ਪਾਉਣ ਲਈ ਅਸੀਂ ਕਈਵਾਰ ਗਲਤ ਚੀਜੜਾਂ ਪੀਂਦੇ ਹਾਂ, ਜਿਵੇਂ ਕੋਲਡ ਡਰਿੰਕ, ਕੁਲਫ਼ੀ, ਆਈਸ ਕਰੀਮ, ਠੰਢਾ ਪਾਣੀ ਆਦਿ। ਇਹ ਚੀਜ਼ਾਂ ਜਦੋਂ ਗਲੇ ਤੋਂ ਹੇਠਾਂ ਉਤਰਦੀਆਂ ਹਨ ਤਾਂ ਗਰਮੀ ਤੋਂ ਰਾਹਤ ਤਾਂ ਜ਼ਰੂਰ ਮਿਲਦੀ ਹੈ ਪਰ ਇਨ੍ਹਾਂ ਨਾਲ ਜੋ ਨੁਕਸਾਨ ਹੁੰਦਾ ਹੈ, ਉਸ ਤੋਂ ਅਸੀਂ ਅਨਜਾਣ ਹਾਂ। ਇਨ੍ਹਾਂ ਦੇ ਪੀਣ ਨਾਲ ਅਸੀਂ ਕਈ ਬਮਾਰੀਆਂ ਦੇ ਸ਼ਿਕਾਰ ਹੋ ਜਾਂਦੇ ਹਨ। ਇਨ੍ਹਾਂ ਚੀਜ਼ਾਂ ਨਾਲੋਂ ਕਈ ਗੁਣਾਂ ਬਿਹਤਰ ਲੱਸੀ, ਫਲਾਂ ਦਾ ਜੂਸ, ਸ਼ਿਕੰਜਵੀਂ ਆਦਿ ਹੁੰਦੇ ਹਨ। ਅਜਿਹੀ ਹੀ ਕੁਦਰਤ ਦੀ ਇਕ ਵੱਡੀ ਦੇਣ ਬਿਲ ਦਾ ਦਰੱਖਤ ਹੈ, ਜੋ ਸਰੀਰ ਨੂੰ ਕਈ ਪੱਖਾਂ ਤੋਂ ਲਾਭ ਪਹੁੰਚਾਉਂਦਾ ਹੈ। ਗਰਮੀਆਂ ਵਿਚ ਬਿਲ ਦਾ ਠੰਢਾ-ਮਿੱਠਾ ਜੂਸ ਸਰੀਰ ਵਿਚੋਂ ਗਰਮੀ ਨੂੰ ਬਾਹਰ ਕਢਦਾ ਹੈ। ਗਰਮੀਆਂ ਵਿਚ ਜਿਨ੍ਹਾਂ ਦਾ ਪੇਟ ਜ਼ਿਆਦਾ ਖਰਾਬ ਰਹਿੰਦਾ ਹੈ, ਉਨ੍ਹਾਂ ਲਈ ਬਿਲ ਅੰਮ੍ਰਿਤ ਹੈ। ਆਉ ਬਿਲ ਦੇ ਫਾਇਦਿਆਂ ਬਾਰੇ ਜਾਣਦੇ ਹਾਂ—

- ਛਾਤੀ ਵਿਚ ਦਰਦ ਹੋਵੇ ਤਾਂ ਬਿਲ ਦੇ ਪੱਤਿਆਂ ਦਾ ਰਸ 2 ਗ੍ਰਾਮ ਦੇਸੀ ਘਿਓ ਵਿਚ ਮਿਲਾ ਕੇ ਖਾਓ, ਤੁਹਾਨੂੰ ਰਾਹਤ ਮਿਲੇਗੀ।
- ਪੇਟ ਦਰਦ ਵਿਚ ਇਸ ਦੇ 10 ਗ੍ਰਾਮ ਪੱਤੇ, ਕਾਲੀ ਮਿਰਚ 7 ਦਾਣੇ, ਮਿਸਰੀ 10 ਗ੍ਰਾਮ ਮਿਲਾ ਕੇ ਸ਼ਰਬਤ ਤਿਆਰ ਕਰੋ ਤੇ ਦਿਨ ਵਿਚ ਤਿੰਨ ਵਾਰ ਇਸ ਨੂੰ ਪੀਓ।
- ਜ਼ਿਆਦਾ ਪਿਆਸ ਲਗਦੀ ਹੋਵੇ ਜਾਂ ਪੇਟ ਵਿਚ ਜਲਣ ਹੋਵੇ ਤਾਂ 20 ਗ੍ਰਾਮ ਪੱਤੇ ਅੱਧਾ ਕਿਲੋ ਪਾਣੀ ਵਿਚ 3 ਘੰਟੇ ਡੁਬੋ ਕੇ ਰੱਖੋ। ਹਰ 3 ਘੰਟੇ ਬਾਅਦ ਇਹ ਪਾਣੀ 20-20 ਗ੍ਰਾਮ ਪੀਂਦੇ ਰਹੋ। ਜ਼ਿਆਦਾ ਪਿਆਸ ਲੱਗਣੀ ਹਟੇਗੀ ਜਾਂ 10 ਗ੍ਰਾਮ ਪੱਤਿਆਂ ਦਾ ਰਸ, ਕਾਲੀ ਮਿਰਚ ਮਿਲਾ ਕੇ ਦੋ ਵਾਰ ਵਰਤੋ।
- ਬਿਲ ਦਾ ਮੁਰੱਬਾ ਪੇਟ ਲਈ ਬਹੁਤ ਚੰਗਾ ਹੁੰਦਾ ਹੈ। ਵਾਰ-ਵਾਰ ਪੇਟ ਖਰਾਬ ਨਹੀਂ ਹੁੰਦਾ।
- ਸ਼ੂਗਰ ਦੇ ਮਰੀਜ਼ ਵੀ ਇਸ ਤੋਂ ਫਾਇਦਾ ਲੈ ਸਕਦੇ ਹਨ। ਤਾਜ਼ੇ ਨਰਮ 2 ਪੱਤੇ 10-20 ਗ੍ਰਾਮ ਪੀਸ ਕ 5-7 ਕਾਲੀਆਂ ਮਿਰਚਾਂ ਪਾਣੀ ਵਿਚ ਘੋਲ ਕੇ ਖਾਲੀ ਪੇਟ ਪੀਉ। ਇਸ ਦੇ ਪੱਤਿਆਂ ਦਾ ਰਸ ਵੀ ਫਾਇਦੇਮੰਦ ਹੁੰਦਾ ਹੈ। ਬਿਲ ਦੇ ਪੱਤੇ, ਨਿੰਮ ਦੇ ਪੱਤੇ, ਤੁਲਸੀ ਦੇ 5-5 ਪੱਤੇ ਪੀਸ ਕੇ ਖਾਲੀ ਪੇਟ ਪੀਉ ਤੇ ਇਕ ਘੰਟੇ ਤੱਕ ਕੁੱਝ ਵੀ




# ਅਲਵਿਦਾ ! ਦਮਦਾਰ ਲੋਕ ਗਾਇਕੀ ਦੀਆਂ ਸੁਰਾਂ ਦੇ ਸਿਕੰਦਰ ਸੁਰਿੰਦਰ ਛਿੰਦਾ



**ਉਜਾਗਰ ਸਿੰਘ**
94178-13072
ujagarsingh48@yahoo.com

ਪੰਜਾਬੀ ਲੋਕ ਗਾਇਕੀ ਨੂੰ ਲੋਕਾਂ ਵਿੱਚ ਹਰਮਨ ਪਿਆਰਾ ਬਣਾਉਣ ਵਾਲੇ ਮਿਠਬੋਲੜੇ ਗਾਇਕ ਦੇ ਤੁਰ ਜਾਣ ਨਾਲ ਸੰਗੀਤ ਦੀ ਦੁਨੀਆਂ ਵਿੱਚ ਖਲਾਅ ਪੈਦਾ ਹੋ ਗਿਆ ਹੈ। ਦੋਸਤਾਂ ਮਿੱਤਰਾਂ ਦਾ ਦਿਲਜਾਨੀ ਪਿਆਰ ਮੁਹੱਬਤ ਦੀਆਂ ਬਾਤਾਂ ਪਾਉਣ ਵਾਲਾ ਸੁਰਿੰਦਰ ਛਿੰਦਾ ਰੂਹ ਦੀ ਖ਼ਰਾਕ ਦਿੰਦਾ ਹੋਇਆ ਆਪ ਇਕ ਰੂਹ ਬਣ ਗਿਆਹੈ। ਪੰਜਾਬੀ ਲੋਕ ਗਾਇਕੀ ਦੀ ਵਿਰਾਸਤ ਦਾ ਪਹਿਰੇਦਾਰ ਸੁਰਿੰਦਰ ਛਿੰਦਾ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਤਾਂ ਕਹਿ ਗਿਆ ਹੈ ਪ੍ਰੰਤੂ ਉਸ ਦੇ ਤੁਰ ਜਾਣ ਨਾਲ ਹੀ ਲੋਕ ਗਾਥਾਵਾਂ ਦੀ ਸ਼ਾਨਦਾਰ ਗਾਇਕੀ ਦਾ ਅੰਤ ਵੀ ਹੋ ਗਿਆ ਹੈ। ਕੁਲਦੀਪ ਮਾਣਕ ਅਤੇ ਸੁਰਿੰਦਰ ਛਿੰਦਾ ਲੋਕ ਗਾਥਾਵਾਂ ਦੀ ਗਾਇਕੀ ਦੇ ਸਭਿਅਚਾਰਕ ਥੰਮ ਸਨ, ਇਨ੍ਹਾਂ ਦੋਵਾਂ ਥੰਮਾਂ ਦੇ ਗਿਰਨ ਨਾਲ ਸਭਿਅਚਾਰਕ ਵਿਰਾਸਤ ਦੀ ਇਮਾਰਤ ਢਹਿ ਢੇਰੀ ਹੋ ਗਈ ਹੈ। ਇਕ ਕਿਸਮ ਨਾਲ ਪੰਜਾਬੀ ਲੋਕ ਗਾਇਕੀ ਦੇ ਸ਼ਾਨਦਾਰ ਦੌਰ ਦਾ ਅੰਤ ਹੋ ਗਿਆ ਹੈ। ਆਮ ਤੌਰ ਤੇ ਲੋਕ ਗਾਇਕੀ ਦੇ ਇਤਿਹਾਸ 'ਤੇ ਨਜ਼ਰ ਮਾਰਿਆਂ ਪਤਾ ਲੱਗਦਾ ਹੈ ਕਿ ਬਹੁਤੇ ਗਾਇਕਾਂ ਦੇ ਗੀਤ ਪਰਿਵਾਰਾਂ ਵਿੱਚ ਬੈਠ ਕੇ ਸੁਣੇ ਨਹੀਂ ਜਾ ਸਕਦੇ ਸਨ। ਉਨ੍ਹਾਂ ਗੀਤਾਂ ਦੇ ਸਿਰ 'ਤੇ ਉਹ ਗਾਇਕ ਪ੍ਰਸਿੱਧੀ ਪ੍ਰਾਪਤ ਕਰਦੇ ਸਨ ਕਿਉਂਕਿ ਨੌਜਵਾਨ ਚੱਕਮੇਂ ਗੀਤਾਂ ਨੂੰ ਪਸੰਦ ਕਰਦੇ ਸਨ ਪ੍ਰੰਤੂ ਸੁਰਿੰਦਰ ਛਿੰਦੇ ਨੂੰ ਮਾਣ ਜਾਂਦਾ ਹੈ ਕਿ ਉਸ ਨੇ ਲੋਕ ਗਾਇਕੀ ਵਿੱਚ ਪ੍ਰਸਿੱਧੀ ਜਿਓਣਾ ਮੌੜ ਦੀ ਲੋਕ ਗਾਥਾ ਨਾਲ ਪ੍ਰਾਪਤ ਕੀਤੀ ਸੀ। ਜੀਓਣਾ ਮੌੜ ਸੁਰਿੰਦਰ ਛਿੰਦਾ ਦੀ ਗਾਇਕੀ ਦਾ ਸਿਖਰ ਸੀ। ਉਸ ਨੂੰ ਇਹ ਵੀ ਮਾਣ ਜਾਂਦਾ ਹੈ ਕਿ ਉਸ ਦੇ ਗੀਤ ਸਮਾਜ ਦੇ ਹਰ ਵਰਗ ਨੇ ਪਸੰਦ ਕੀਤੇ ਹਨ। ਉਹ ਬਹੁ-ਰੰਗਾ ਅਤੇ ਬਹੁ-ਪੱਖੀ ਗਾਇਕ ਅਤੇ ਸਰਬਾਂਗੀ ਅਦਾਕਾਰ ਸੀ। ਉਸ ਦੀ ਕਮਾਲ ਇਹ ਸੀ ਕਿ ਉਹ ਲੋਕ ਗਾਥਾਵਾਂ ਹਿੱਕ ਦੇ ਜ਼ੋਰ ਨਾਲ ਗਾਉਂਦਾ ਸੀ। ਆਪਣੀ ਗਾਇਕੀ ਦੇ ਪੰਜਾਹ ਸਾਲ ਦੌਰਾਨ ਉਸ ਨੇ ਜ਼ਿੰਦਗੀ ਦੇ ਹਰ ਰੰਗ ਦਾ ਆਨੰਦ ਮਾਣਿਆਂ। ਜੇਕਰ ਉਸ ਨੇ ਜਿਓਣੇ ਮੌੜ ਦੀ ਲੋਕ ਗਾਥਾ ਨਾਲ ਨਾਮਣਾ ਖੱਟਿਆ ਤਾਂ ਇਸ ਦੇ ਨਾਲ ਹੀ ਉਸ ਨੇ ਉਚਾ ਦਰ ਬਾਬੇ ਨਾਨਕ ਦੀ ਗਾਇਕੀ ਨਾਲ ਵੀ ਸਮਾਜ ਵਿੱਚ ਵਿਸ਼ੇਸ਼ ਦਰਜਾ ਪ੍ਰਾਪਤ ਕੀਤਾ। ਉਹ ਸੰਗੀਤ ਪ੍ਰੇਮੀਆਂ ਦੇ ਦਿਲਾਂ 'ਤੇ ਰਾਜ ਕਰਦਾ ਹੋਇਆ ਉਨ੍ਹਾਂ ਦੇ ਦਿਲ ਕੱਢ ਕੇ ਲੈ ਗਿਆ ਹੈ। ਸੁਰਿੰਦਰ ਛਿੰਦਾ ਨੂੰ ਲੋਕ ਗਾਇਕੀ ਦਾ ਬਾਦਸ਼ਾਹ ਕਿਹਾ ਜਾ ਸਕਦਾ ਹੈ। ਉਸ ਨੇ ਭਾਵੇਂ ਆਪਣੀ ਗਾਇਕੀ ਦਾ ਸਫਰ 1970 ਵਿਚ ਸ਼ੁਰੂ ਕਰ ਲਿਆ ਸੀ ਪ੍ਰੰਤੂ 1972 ਵਿੱਚ ਉਨ੍ਹਾਂ ਜਸਵੰਤ ਸਿੰਘ ਭੰਵਰਾ ਦੀ ਸ਼ਾਗਿਰਦੀ ਕੀਤੀ ਸੀ। ਉਸ ਨੇ ਗਾਇਕੀ ਨੂੰ ਰਿਆਜ਼ ਕਰਨ ਨਾਲ ਅਜਿਹਾ ਚਮਕਾਇਆ ਕਿ ਉਸ ਦਾ ਨਾਮ ਸੰਸਾਰ ਵਿੱਚ ਚਮਕਣ ਲੱਗ ਪਿਆ। ਸੁਰਿੰਦਰ ਛਿੰਦਾ ਦੇ ਵਿਵਹਾਰ, ਪਿਆਰ ਅਤੇ ਸਤਿਕਾਰ ਨੇ ਜਸਵੰਤ ਸਿੰਘ ਭੰਵਰਾ ਦੇ ਸੰਗੀਤਕ ਮਨ ਨੂੰ ਅਜਿਹਾ ਮੋਹ ਲਿਆ ਕਿ ਉਹ ਭੰਵਰਾ ਦਾ ਲਾਡਲਾ ਤੇ ਬਿਹਤਰੀਨ ਸ਼ਾਗਿਰਦ ਬਣ ਗਿਆ। ਜਸਵੰਤ ਸਿੰਘ ਭੰਵਰਾ ਨੇ ਹੀ ਸੁਰਿੰਦਰ ਛਿੰਦਾ ਨੂੰ 1975 ਵਿੱਚ ਗਾਇਕਾ ਸੁਦੇਸ਼ ਕਪੂਰ ਨਾਲ ਦੋਗਾਣੇ ਵਿੱਚ ਮੌਕਾ ਦਿੱਤਾ। ਫਿਰ ਤਾਂ ਜਿਵੇਂ ਉਸ ਦੀ ਲਾਟਰੀ ਹੀ ਖੁੱਲ੍ਹ ਗਈ, ਉਹ ਲਗਾਤਾਰ ਅੱਗੇ ਹੀ ਵੱਧਦਾ ਗਿਆ। ਉਸ ਤੋਂ ਬਾਅਦ 1977 ਵਿੱਚ ਨਾਮਵਰ ਗੀਤਕਾਰ ਦੇਵ ਥਰੀਕਿਆਂ ਵਾਲਾ ਦੀਆਂ ਲਿਖੀਆਂ ਚਾਰ ਲੋਕ ਗਾਥਾਵਾਂ ਉਚਾ ਬੁਰਜ ਲਾਹੌਰ ਦਾ ਅਜਿਹਾ ਗਾਇਆ ਕਿ ਉਹ ਲੋਕਾਂ ਦੇ ਦਿਲਾਂ 'ਤੇ ਛਾ ਗਿਆ। ਇਨ੍ਹਾਂ ਲੋਕ ਗਾਥਾਵਾਂ ਨੂੰ ਸੰਗੀਤ ਸੰਗੀਤਕਾਰ ਰਾਮ ਸਰਨ ਦਾਸ ਨੇ ਸੰਗੀਤਬੱਧ ਕੀਤਾ ਸੀ। ਇਨ੍ਹਾਂ ਲੋਕ ਗਾਥਾਵਾਂ ਕਰਕੇ ਸੁਰਿੰਦਰ ਛਿੰਦਾ ਦੀ ਗਾਇਕੀ ਦੀਆਂ ਧੁੰਮਾਂ ਪੈਣ ਲੱਗ ਗਈਆਂ। ਫਿਰ ਤਾਂ ਹਰ ਸਟੇਜ 'ਤੇ ਸੁਰਿੰਦਰ ਛਿੰਦਾ ਦੀ ਧਾਂਕ ਪੈਣ ਲੱਗੀ। ਇਸ ਤੋਂ ਬਾਅਦ 1978 ਵਿੱਚ ਆਧੁਨਿਕ ਸੰਗੀਤਕਾਰ ਚਰਨਜੀਤ ਆਹੂਜਾ ਨੇ 12 ਲੋਕ ਗਾਥਾਵਾਂ ਨੈਣਾਂ ਦੇ ਵਣਜਾਰੇ ਨੂੰ ਸੰਗੀਤਬੱਧ ਕੀਤਾ, ਜਿਸ ਨੂੰ ਜਦੋਂ ਸੁਰਿੰਦਰ ਛਿੰਦਾ ਦੀ ਆਵਾਜ਼ ਦਾ ਜਾਦੂ ਚੜ੍ਹਿਆ ਤਾਂ ਨੌਜਵਾਨ ਕਾਲਜਾਂ ਦੇ ਲੜਕੇ ਅਤੇ ਲੜਕੀਆਂ ਉਸ ਦੇ ਦੀਵਾਨੇ ਹੋ ਗਏ। ਸੁਰਿੰਦਰ ਛਿੰਦਾ ਦੀਆਂ ਕਲੀਆਂ ਅਤੇ ਲੋਕ ਗਾਥਾਵਾਂ ਨੂੰ ਲੋਕਾਂ ਨੇ ਅਜਿਹੀ ਪ੍ਰਵਾਨਗੀ ਦਿੱਤੀ ਕਿ ਹਮੇਸ਼ਾ ਜਦੋਂ ਛਿੰਦਾ ਸਟੇਜ ਤੇ ਚੜ੍ਹਦਾ ਤਾਂ ਲੋਕ ਇਕ ਆਵਾਜ਼ ਵਿੱਚ ਕਲੀਆਂ ਅਤੇ ਲੋਕ ਗਾਥਾਵਾਂ ਦੀ ਮੰਗ ਕਰਦੇ ਸਨ। ਸੁਰਿੰਦਰ ਛਿੰਦਾ ਦੀ ਗਾਇਕੀ ਦੀ ਵਿਲੱਖਣ ਕਮਾਲ ਇਹੋ ਸੀ ਕਿ ਲੋਕ ਰੁਮਾਂਟਿਕ ਗੀਤਾਂ ਦੀ ਥਾਂ ਲੋਕ ਗਾਥਾਵਾਂ ਦੀ ਮੰਗ ਕਰਦੇ ਸਨ।



ਸੁਰਿੰਦਰ ਛਿੰਦਾ ਨੇ ਪਹਿਲੀ ਕੈਸਟ 1975 ਵਿੱਚ ਸੁਦੇਸ਼ ਕਪੂਰ ਨਾਲ ਕੱਢਣ ਤੋਂ ਬਾਅਦ ਸਿਰਫ 6 ਸਾਲ ਦੇ ਗਾਇਕੀ ਦੇ ਖੇਤਰ ਤੋਂ ਬਾਅਦ 1981 ਵਿੱਚ ਦੇਵ ਥਰੀਕਿਆਂ ਵਾਲੇ ਦੀ ਲੋਕ ਗਾਥਾ ਜਿਓਣਾ ਮੌੜ ਗਾਉਣ ਕਰਕੇ ਗਾਇਕੀ ਦੇ ਖੇਤਰ ਵਿੱਚ ਧਰੂ ਤਾਰੇ ਦੀ ਤਰ੍ਹਾਂ ਚਮਕਣ ਲੱਗ ਗਿਆ ਸੀ। ਉਸ ਦੀ ਗਾਇਕੀ ਨੂੰ ਹਰ ਉਮਰ ਦੇ ਸਰੋਤੇ ਪਸੰਦ ਕਰਦੇ ਸਨ। ਸੁਰਿੰਦਰ ਛਿੰਦਾ ਨੇ ਜਿਓਣੇ ਮੌੜ ਦੀ ਗਾਥਾ ਦੇ ਨਾਲ ਹੀ 1981 ਵਿੱਚ ਪੁੱਤ ਜੱਟਾਂ ਦੇ ਬੁਲਾਉਣ ਬੱਕਰੇ ਗੀਤ ਗਾਇਆ ਜਿਸ ਨੇ ਉਸ ਦੀ ਗਾਇਕੀ ਨੂੰ ਚਾਰ ਚੰਦ ਲਾ ਦਿੱਤੇ। ਇਸ ਸਮੇਂ ਸੁਰਿੰਦਰ ਛਿੰਦੇ ਦੀ ਗਾਇਕੀ ਵਿੱਚ ਇਤਨਾ ਨਿਖ਼ਾਰ ਆ ਗਿਆ ਕਿ ਉਸ ਦਾ ਸਿੱਕਾ ਚਲਣ ਲੱਗ ਪਿਆ। ਉਸ ਨੇ ਦੋਗਾਣੇ ਮਹਿੰਦਰ ਕਪੂਰ, ਸੁਰੇਸ਼ ਵਾਡੇਕਰ, ਅਨੁਰਾਧਾ ਪੌਡਵਾਲ, ਸੁਖਵੰਤ ਸੁੱਖੀ, ਹੰਸ ਰਾਜ ਹੰਸ, ਸੁਦੇਸ਼ ਕਪੂਰ, ਸੁਰਿੰਦਰ ਸੋਨੀਆ, ਨਰਿੰਦਰ ਬੀਬਾ, ਪਰਮਿੰਦਰ ਸੰਧੂ ਅਤੇ ਰੰਜਨਾ ਨਾਲ ਗਾਏ ਸਨ। ਸੋਲੋ ਗਾਣਿਆਂ ਵਿੱਚ ਵੀ ਉਸ ਦਾ ਕੋਈ ਮੁਕਾਬਲਾ ਨਹੀਂ ਸੀ। ਸੁਰਿੰਦਰ ਛਿੰਦਾ ਲੋਕ ਗਾਇਕੀ ਦੇ ਨਾਲ ਹੀ ਬਿਹਤਰੀਨ ਅਦਾਕਾਰ ਸੀ। ਉਸ ਨੂੰ ਟੂ ਇਨ ਵਨ ਕਿਹਾ ਜਾ ਸਕਦਾ ਹੈ। ਉਸ ਨੇ ਡੇਢ ਦਰਜਨ ਫਿਲਮਾਂ ਵਿੱਚ ਅਦਾਕਾਰੀ ਕੀਤੀ ਅਤੇ ਗੀਤ ਗਾਏ। ਉਸ ਨੇ ਪੁੱਤ ਜੱਟਾਂ ਦੇ, ਯਾਰਾਂ ਦਾ ਟਰੱਕ ਬੱਲੀਏ, ਬਲਬੀਰੋ ਭਾਬੀ, ਕੇਹਰ ਸਿੰਘ ਦੀ ਮੌਤ, ਉਚਾ ਦਰ ਬਾਬੇ ਨਾਨਕ ਦਾ, ਟਰੱਕ ਡਰਾਇਵਰ, ਬਦਲਾ ਜੱਟੀ ਦਾ, ਜੱਟ ਯੋਧੇ, ਬਗਾਬਤ, ਜੱਟ ਪੰਜਾਬ ਦਾ ਆਦਿ ਫ਼ਿਲਮਾਂ ਵਿੱਚ ਅਦਾਕਾਰੀ ਕੀਤੀ ਅਤੇ ਗੀਤ ਗਾਏ। ਉਸ ਦੇ ਡਾਇਲਾਗ ਦਮਦਾਰ ਹੁੰਦੇ ਸਨ।

ਸੁਰਿੰਦਰ ਛਿੰਦਾ ਦਾ ਜਨਮ 20 ਮਈ 1953 ਨੂੰ ਲੁਧਿਆਣਾ ਜਿਲ੍ਹੇ ਦੇ ਪਿੰਡ ਛੋਟੀ ਇਯਾਲੀ ਵਿਖੇ ਮਾਤਾ ਵਿਦਿਆਵਤੀ ਅਤੇ ਪਿਤਾ ਬਚਨ ਰਾਮ ਦੇ ਘਰ ਹੋਇਆ ਸੀ। ਉਸ ਨੇ ਹਾਇਰ ਸੈਕੰਡਰੀ ਤੱਕ ਦੀ ਪੜ੍ਹਾਈ ਮਲਟੀਪਰਪਜ਼ ਸਕੂਲ ਲੁਧਿਆਣਾ ਤੋਂ ਪ੍ਰਾਪਤ ਕੀਤੀ ਸੀ। ਥੋੜ੍ਹੀ ਦੇਰ ਉਹ ਕਿਸੇ ਵਰਕਸ਼ਾਪ ਵਿੱਚ ਮਕੈਨਿਕੀ ਵੀ ਸਿਖਦਾ ਰਿਹਾ। ਗਾਇਕੀ ਦਾ ਸ਼ੌਕ ਉਸ ਨੂੰ ਸਕੂਲ ਵਿੱਚ ਪੜ੍ਹਦਿਆਂ ਹੀ ਲੱਗ ਗਿਆ ਸੀ। ਉਹ ਸਕੂਲ ਦੀਆਂ ਸਟੇਜਾਂ 'ਤੇ ਸਭਿਅਚਾਰਕ ਪ੍ਰੋਗਰਾਮਾਂ ਵਿੱਚ ਹਿੱਸਾ ਲੈਂਦਾ ਰਹਿੰਦਾ। ਕਲਾਕਾਰ ਬਣਨ ਦੀ ਪ੍ਰਵਿਰਤੀ ਉਸ ਨੂੰ ਗਾਉਣ ਲਈ ਪ੍ਰੇਰਦੀ ਰਹਿੰਦੀ ਸੀ। ਫਿਰ ਉਸ ਨੇ ਗਾਇਕੀ ਵਲ ਮੁਹਾਰਾਂ ਮੋੜ ਦਿੱਤੀਆਂ। ਉਸ ਦਾ ਵਿਆਹ ਬੀਬੀ ਜੋਗਿੰਦਰ ਕੌਰ ਨਾਲ ਹੋਇਆ। ਉਨ੍ਹਾਂ ਦੀਆਂ ਦੋ ਲੜਕੀਆਂ ਅਤੇ ਦੋ ਲੜਕੇ ਹਨ। ਉਨ੍ਹਾਂ ਦਾ ਇਕ ਲੜਕਾ ਮਨਿੰਦਰ ਛਿੰਦਾ ਗਾਇਕ ਹੈ। ਉਮੀਦ ਕੀਤੀ ਜਾ ਸਕਦੀ ਹੈ ਕਿ ਉਸ ਦਾ ਲੜਕਾ ਪਰਿਵਾਰਿਕ ਵਿਰਾਸਤ ਨੂੰ ਬਰਕਰਾਰ ਰੱਖੇਗਾ। ਸੁਰਿੰਦਰ ਛਿੰਦਾ ਦਾ ਨਾਮ ਸੁਰਿੰਦਰ ਪਾਲ ਧੰਮਾ ਸੀ ਪ੍ਰੰਤੂ ਜਦੋਂ ਉਹ ਗਾਇਕੀ ਵਿੱਚ ਆਇਆ ਤਾਂ ਸੁਰਿੰਦਰ ਛਿੰਦਾ ਹੀ ਲਿਖਣ ਲੱਗ ਪਿਆ। ਉਸ ਦਾ ਪਿਤਾ ਬਚਨ ਰਾਮ ਇਕ ਕਾਰਪੈਂਟਰ ਸੀ ਪ੍ਰੰਤੂ ਇਸ ਦੇ ਨਾਲ ਹੀ ਉਹ ਗਾਇਕ ਵੀ ਸੀ। ਸੁਰਿੰਦਰ ਛਿੰਦਾ ਨੂੰ ਗਾਇਕੀ ਦੀ ਗੁੜ੍ਹਤੀ ਆਪਣੀ ਪਰਿਵਾਰਕ ਵਿਰਾਸਤ ਵਿੱਚੋਂ ਹੀ ਮਿਲੀ ਸੀ। ਇਹ ਵੀ ਹੈਰਾਨੀ ਦੀ ਗੱਲ ਹੈ ਕਿ ਜਿਸ ਗਵਰਧਨ ਦਾਸ ਤੋਂ ਉਸ ਦੇ ਪਿਤਾ ਬਚਨ ਰਾਮ ਨੇ ਸੰਗੀਤ ਸਿਖਿਆ ਸੀ ਉਸ ਤੋਂ ਹੀ ਸੁਰਿੰਦਰ ਛਿੰਦੇ ਨੇ ਸੰਗੀਤ ਦੀ ਸਿਖਿਆ ਲਈ ਸੀ।



THANK YOU FOR MAKING US

2022

*Outstanding Achievement*

*National* TOP 20%

# PRIVATE MORTGAGES

**No Worries... We Can Help!**



Easily available Private Mortgage could be just what you need.

★ **Up to $5 million available**

★ **$10,000 to $1 million in just 24 Hours**

★ Residential Mortgages
★ Commercial Mortgages
★ Construction Mortgages
★ New Immigrants
★ Second Mortgages
★ First Time Home Buyers

invis
Canada's Mortgage Experts™

MORTGAGE INTELLIGENCE®


Call today to get started

**SANJEEV KATYAL**

**604.767.5194**

info@katyalmortgage.ca

WWW.KATYALMORTGAGE.CA




ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ



604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

2193 ਸਲਾਹ ਕਾਰ ਸਰਕਾਰ ਨੇ ਸਭ ਸੱਦੇ, ਉਨ੍ਹਾਂ ਨਾਲ ਸੀ ਬੈਠ ਵਿਚਾਰ ਕੀਤੇ।
ਅਸਾਂ ਕੁਝ ਨਹੀਂ ਜਾਕੇ ਨਾਂਦੇੜ ਕੀਤਾ, ਜਿਨ੍ਹਾਂ ਸਾਡੇ ਤੇ ਬੜੇ ਉਪਕਾਰ ਕੀਤੇ।
ਅਸੀਂ ਹੋਰ ਹੀ ਕੰਮਾਂ ਦੇ ਵਿਚ ਰੁੱਝੇ, ਉਸ ਥਾਂ ਦੇ ਨਹੀਂ ਦਿਦਾਰ ਕੀਤੇ।
ਹਰਰਚੰਦ ਸਿੰਘਾ ਸਭ ਕੁਝ ਵਾਰ ਆਪਣਾ, ਬੇੜੇ ਹਿੰਦ ਦੇ ਜਿਨਾਂ ਨੇ ਪਾਰ ਕੀਤੇ॥
2194 ਭੁਲ ਸਾਡੀ ਸਾਨੂੰ ਕੋਸਦੀ ਏ, ਗਲਤੀ ਗੁਰਾਂ ਤੋ ਜਾ ਬਖ਼ਸਾਈਏ ਜੀ।
ਥਾਂ ਭਾਲ ਅੰਗੀਠਾ ਸਾਹਿਬ ਵਾਲੀ, ਯਾਦਗਾਰ ਜਾਂ ਉਥੇ ਬਣਾਈਏ ਜੀ।
ਪੂਜਣ ਯੋਗ ਉਹ ਧਰਤ ਜਹਾਨ ਦੀ ਏ, ਗੁਰੂ ਗ੍ਰੰਥ ਪ੍ਰਕਾਸ਼ ਕਰਾਈਏ ਜੀ।
ਹਰਚੰਦ ਸਿੰਘ ਮੁੜੇ ਨਾ ਕੋਈ ਭੁਖਾ, ਗੁਰੂ ਘਰਾਂ 'ਚ ਲੰਗਰ ਲਾਈਏ ਜੀ॥
2195 ਸਲਾਹਕਾਰਾਂ ਸਰਕਾਰ ਨੂੰ ਰਾਇ ਦਿੱਤੀ, ਨੇਕ ਕੰਮ ਤੋਂ ਨਹੀਂ ਹਟਾਨ ਲੱਗੇ।
ਮਨ੍ਹਾਂ ਦਸਮੇਸ਼ ਨੇ ਸਿੰਘਾਂ ਨੂੰ ਜੋ ਕੀਤਾ, ਚੇਤੇ ਆਪ ਨੂੰ ਅਸੀਂ ਕਰਾਨ ਲੱਗੇ।
ਇਛਾਂ ਆਪਦੀ ਅੱਗੇ ਜੋ ਕਰਨਾ, ਬਿਘਨ ਮੂਲ ਅਸੀਂ ਨਾ ਪਾਣ ਲੱਗੇ।
ਹਰਚੰਦ ਸਿੰਘਾਂ ਆਪ ਵੀ ਜਾਣਦੇ ਹੋ, ਸਬਦ ਆਖਣੋਂ ਅਸੀਂ ਘਬਰਾਹਨ ਲੱਗੇ॥

## ਸ਼ੇਰੇ ਪੰਜਾਬ ਦਾ ਉੱਤਰ

2196 ਸਾਨੂੰ ਪਤਾ ਗੁਰਾਂ ਨੇ ਜਾਣ ਵੇਲੇ, ਸਿੰਘ ਸੱਦੇ ਸੀ ਆਪਣੇ ਪਾਸ ਭਾਈ।
ਬਚਨ ਕਰਕੇ ਗੁਰੂ ਪਿਆਰਿਆਂ ਨੂੰ, ਅਕਾਲ ਪੁਰਖ ਨੂੰ ਕਰੀ ਅਰਦਾਸ ਭਾਈ।
ਉਸ ਵੇਲ ਸਿੰਘਾਂ ਸਾਰਿਆਂ ਨੂੰ, ਤਾਕੀਦ ਕੀਤਾ ਗੁਰਾਂ ਨੇ ਖਾਸ ਭਾਈ।
ਅੰਗੀਠਾ ਸਾਡਾ ਜੋ ਫੋਲੂ ਹਰਚੰਦ ਸਿੰਘਾ, ਹੋਊ ਉਸਦਾ ਸੱਤਿਆ ਨਾਸ ਭਾਈ॥
2197 ਸਵਾ ਸੌ ਸਾਲ ਹੈ ਬੀਤ ਗਿਆ, ਆਜ਼ਾਦੀ ਵਾਸਤੇ ਜੰਗਾਂ ਕਰਦਿਆਂ ਨੂੰ।
ਨਾਲ ਦੁਸਮਣਾਂ ਲੜਦੇ-ਭਿੜਦਿਆਂ ਨੂੰ, ਧਰਮ ਵਾਸਤੇ ਮਾਰਦੇ-ਮਰਦਿਆਂ ਨੂੰ।
ਥਲਾਂ, ਜੰਗਲਾਂ, ਪੱਥਰਾਂ, ਪਰਬਤਾਂ ਤੇ, ਦੁਖ-ਭੁਖ ਮੁਸਕਲਾਂ ਜਰਦਿਆਂ ਨੂੰ।
ਹਰਚੰਦ ਸਿੰਘਾ ਨਾਸ਼ ਨਾ ਹੋ ਜਾਏ, ਨਾਂਦੇੜ ਵੱਲ ਨੂੰ ਜਾਣ ਤੋਂ ਡਰਦਿਆਂ ਨੂੰ॥
2198 ਸਾਨੂੰ ਗੁਰਾਂ ਨੇ ਭੈ ਤੋਂ ਰਹਿਤ ਕੀਤਾ, ਭੈ ਮਨਾਂ 'ਚੋਂ ਆਪਾਂ ਭੁਲਾਈਏ ਜੀ।
ਸਤਗੁਰ ਡਰੇ ਨਾ ਸਭ ਕੁੱਝ ਵਾਰਕੇ ਵੀ, ਅਸੀਂ ਕਿਹੋ ਜੇ ਸਿੰਘ ਕਹਾਈਏ ਜੀ।
ਰਾਜ ਆਏ ਤੇ ਗਏ ਕਰੋੜ ਇੱਥੇ, ਕਿਸ ਕਿਸ ਦਾ ਨਾਮ ਗਿਣਾਈਏ ਜੀ।
ਹਰਚੰਦ ਸਿੰਘਾ ਹੋਣਾ ਜੋ ਹੋ ਜਾਏ, ਨਾਂਦੇੜ ਗੁਰੂ ਦੀ ਯਾਦ ਬਣਾਈਏ ਜੀ॥
2199 ਮਾਫ਼ ਕਰਨਾ ਸੱਚੇ ਪਾਤਿਸ਼ਾਹ ਜੀ, ਸਾਨੂੰ ਸਾਡੇ ਫਰਜ਼ ਪੁਕਾਰਿਆਏ।
ਚਰਨੀ ਆਪਦੇ ਰਾਜ ਤੇ ਭਾਗ ਮੇਰਾ, ਮਿਹਣਾ ਸਾਨੂੰ ਮਰੀਕ ਨੇ ਮਾਰਿਆ ਏ।
ਨਾਂਦੇੜ ਆਕੇ ਸੇਵਾ ਕਰਾਵਨੀ ਏ, ਭੌਂ ਭੈ ਨੂੰ ਮਨੋ ਵਿਸਾਰਿਆ ਏ।
ਹਰਚੰਦ ਸਿੰਘਾ ਕਿਵੇਂ ਭੁੱਲ ਜਾਈਏ, ਹਰ ਕਾਜ ਤੂੰ ਸਾਡਾ ਸੁਆਰਿਆ ਏ॥
2200 ਮਹਾਰਾਜ ਨੇ ਰਾਜ-ਤਰਖਾਨ ਸੱਦੇ, ਨਾਲ ਪਿਆਰ ਦੇ ਹੁਕਮ ਸੁਣਾਇਆ ਏ।
ਸੇਵਾ ਕਰਨੀ ਜਾ ਨਾਂਦੇੜ ਤੁਸੀਂ, ਕੱਢ ਰੋਕੜਾ ਪੱਲੇ ਪਾਇਆ ਏ।
ਜਿੱਥੇ ਜਿੱਥੇ ਗੁਰਾਂ ਨੇ ਚੋਜ ਕੀਤੇ, ਜਿੱਥੇ ਜਿੱਥੇ ਆਸਨ ਲਾਇ ਆ ਏ।
ਹਰਚੰਦ ਸਿੰਘਾਂ ਗੁਰੂ ਪਿਆਰਿਆਂ ਨੇ, ਅਸਥਾਨ ਸਹਾਵਣਾ ਉੱਥੇ ਬਣਾਇਆ ਏ॥

## ਕਵੀਓ ਵਾਚ

2201 ਧੰਨ ਗੁਰੁ ਧੰਨ ਨੇ ਸਿੰਘ ਉਸਦੇ, ਜੋ ਹਿੰਦ ਦੇ ਭਾਗ ਜਗਾ ਗਏ।
ਰੱਤੀ ਲੋਭ ਤੇ ਮਾਸਾ ਨਾ ਮਾਣ ਕੀਤਾ, ਸਭ ਕੁਝ ਕੌਮ ਦੇ ਲੇਖੇ ਲਾ ਗਏ।
ਨਾਮ ਜਪਦੇ ਉਨ੍ਹਾਂ ਦਾ ਅੱਜ ਲੋਕੀ ਪੂਜਣ ਯੋਗ ਉਹ ਪਦਵੀ ਪਾ ਗਏ।
ਹਰਚੰਦ ਸਿੰਘਾ ਲਾਹਨਤਾ ਪੈਣ ਉਨ੍ਹਾਂ ਦੇਸ਼ ਕੌਮ ਨੂੰ ਵੇਖ ਜੋ ਖਾ ਗਏ॥

## ਖਾਲਸਾ ਫੌਜ ਨੇ ਪਿਸ਼ਾਵਰ (ਪਸ਼ੌਰ) ਫਤਹਿ ਕਰਨਾ

2202 ਮੁਲਤਾਨ ਜਿੱਤਕੇ ਸ਼ੇਰੇ ਪੰਜਾਬ ਜੀ ਨੇ, ਪਿਸ਼ਾਵਰ ਵਲ ਸੀ ਆਪਣਾ ਰੁੱਖ ਕੀਤਾ।
ਅੱਠ ਸਦੀਆਂ ਜਿਧਰੋ ਹੋਏ ਹੱਲੇ, ਖਾਲਸਾ ਫ਼ੌਜ ਨੇ ਉਧਰ ਨੂੰ ਮੁੱਖ ਕੀਤਾ।
ਕੌਮ ਸਾਜੀ ਗੁਰਾਂ ਨੇ ਪਾਨ ਦੇ ਕੇ, ਲੋਹ ਪੁਰਖ ਸੀ ਹਰ ਮਨੁੱਖ ਕੀਤਾ।
ਹਰਚੰਦ ਸਿੰਘਾ ਭਾਣੇ ਦੇ ਵਿਚ ਰਹਿ ਕੇ, ਪ੍ਰਵਾਨ ਜਿਨ੍ਹਾਂ ਦੇ ਦੁੱਖ ਦੇ ਸੁੱਖ ਕੀਤਾ॥

2203 ਪੁਲ ਅਟਕ ਤੇ ਬੰਨ੍ਹ ਕੇ ਬੇੜੀਆਂ ਦਾ, ਦੂਜੇ ਬੰਨੇ ਫੌਜਾਂ ਉਤਾਰੀਆਂ ਨੇ।
ਅੱਗੋ ਜੁੜਿਆ ਕੱਠ ਅਫਗਾਨੀਆ ਦਾ, ਫੂਲਾ ਸਿੰਘ ਜੀ ਤੇਗਾਂ ਮਾਰੀਆਂ ਨੇ।
ਹਰੀ ਸਿੰਘ ਜੀ ਨਲੂਆ ਹੋਏ ਅੱਗੇ, ਚੋਟਾਂ ਲਾਈਆਂ ਜਾ ਕਰਾਰੀਆਂ ਨੇ।
ਹਰਚੰਦ ਸਿੰਘਾ ਸਿੱਕਾ ਮਨਵਾ ਲਿਆ, ਵੱਢ ਵੱਢ ਕੇ ਲੋਥਾਂ ਖਲਾਰੀਆਂ ਨੇ॥
2204 ਸਫੈਦ ਝੰਡੇ ਖਟਕਾਂ ਨੇ ਹੱਥ ਫੜੇ, ਪਰ੍ਹਾਂ ਸੁੱਟ ਕੇ ਸਭ ਹਥਿਆਰ ਬੇਲੀ।
ਦੋਵੇਂ ਸਰਦਾਰ ਸਿੰਘਾਂ ਨੇ ਖਟਕਾਂ ਦੇ, ਝੱਬੇ ਕੀਤੇ ਜਾ ਗਿਰਫਤਾਰ ਬੇਲੀ।
ਈਨ ਮੰਨੀ ਲਹੌਰ ਸਰਕਾਰ ਦੀਆ, ਕੀਤਾ ਉਸਨੇ ਚੰਗਾ ਬਿਹਾਰ ਬੇਲੀ।
ਨੁਸ਼ਹਿਰਾ-ਚਿਮਨੀ ਲੈ ਹਰਚੰਦ ਸਿੰਘਾ, ਫਿਰ ਲਿਆ ਪਸ਼ੌਰ ਵੀ ਮਾਰ ਬੇਲੀ॥

## ਯਾਰ ਮੁਹੰਮਦ ਖ਼ਾਨ ਪਿਸ਼ਾਵਰ ਦਾ ਹਾਕਮ ਹਾਰ ਖਾ ਕੇ ਨੱਸ ਗਿਆ

2205 ਸ਼ੇਰੇ ਪੰਜਾਬ ਨੇ ਉੱਥੇ ਦਰਬਾਰ ਕੀਤਾ, ਉਸ ਵੇਲੇ ਦੇ ਸਭ ਅਮੀਰ ਆਏ।
ਨਜਰਾਨੇ ਕੀਤੇ ਪੇਸ਼ ਸਰਕਾਰ ਨੂੰ ਆ ਬਖ਼ਸਾਊਣ ਆਪਣੀ ਉਹ ਤਕਦੀਰ ਆਏ।
ਦੋਸਤ ਮੁਹੰਮਦ ਬਾਰਕਜਈ ਸਣੇ, ਸਰਕਾਰ ਸਾਹਮਣੇ ਸਭ ਵਜ਼ੀਰ ਆਏ।
ਸਦੀਆਂ ਹਿੰਦ ਦੀ ਜਿਨ੍ਹਾਂ ਨੇ ਲੁੱਟ ਕੀਤੀ, ਹਰਚੰਦ ਸਿੰਘਾ ਬਣ ਫ਼ਕੀਰ ਆਏ॥
2206 ਦੋਸਤ ਮੁਹੰਮਦ ਖ਼ਾਨ ਨੇ ਅਰਜ ਕੀਤੀ, ਮੈਂ ਆਪਦਾ ਆਗਿਆਕਾਰ ਸਾਈਂ।
ਪਿਸ਼ਾਵਰ ਮੇਰੇ ਹਵਾਲੇ ਜੇ ਕਰ ਦੇਵੋਂ, ਮਿਹਰਵਾਨ ਹੈ ਬੜੀ ਸਰਕਾਰ ਸਾਈਂ।
ਮੋੜਾਂ ਮਾਮਲਾ ਤਾਬਿਆਦਾਰ ਹੋ ਕੇ, ਕੋਈ ਕਰਾਂ ਨਾ ਖੋਟੀ ਕਾਰ ਸਾਈਂ।
ਹਰਚੰਦ ਸਿੰਘਾ ਪੁੱਤ ਪਠਾਣ ਦਾ ਇਹ ਜਾਏ ਆਪ ਤੋਂ ਸਦਾ ਕੁਰਬਾਨ ਸਾਈਂ॥
2207 ਸ਼ੇਰੇ ਪੰਜਾਬ ਨੇ ਹੋ ਦਿਆਲ ਉਸ ਤੇ, ਖਾਨ ਪਿਸ਼ਾਵਰ ਦਾ ਹਾਕਮ ਲਾ ਦਿੱਤਾ।
ਅੱਠ ਸਦੀਆਂ ਪਿੱਛੋਂ ਖਾਲਸੇ ਨੇ, ਇਕ ਨਵਾਂ ਇਤਿਹਾਸ ਲਿਖਾ ਦਿੱਤਾ।
ਜਿਨ੍ਹਾਂ ਵਾਸਤੇ ਦਿਲੀ ਸੀ ਬਣੀ ਬਿੱਲੀ, ਸਾਂਵੇ ਉਨ੍ਹਾਂ ਦੀ ਸ਼ੇਰ ਬਹਾ ਦਿੱਤਾ।
ਹਰਚੰਦ ਸਿੰਘਾ ਅਬਦਾਲੀ ਜੋ ਤਹਿਤ ਪਾਇਆ, ਅੱਜ ਨਲੂਏ ਸ਼ੇਰ ਨੇ ਪਾ ਦਿੱਤਾ॥

## ਖਾਲਸੇ ਨੇ ਕਸ਼ਮੀਰ ਵੀ ਫਤਹਿ ਕਰਨੀ

2208 ਪਸ਼ੌਰ ਜਿੱਤਕੇ ਤੱਤੇ ਘਾਊ ਸਿੰਘਾਂ, ਚਾਲਾ ਵੱਲ ਕਸ਼ਮੀਰ ਦੇ ਪਾਇਆਏ।
ਸ਼ੇਰੇ ਪੰਜਾਬ ਨੇ ਖੁਦ ਕਮਾਨ ਕੀਤੀ, ਮਹਿਲਾਂ ਵਿਚ ਨਾ ਸਮਾ ਲੰਘਾਇਆ ਏ।
ਤਿੰਨ ਹਿੱਸੇ ਫ਼ੌਜ ਦੇ ਕਰ ਇਥੇ, ਪਲੈਨ ਸਾਰਾ ਬੈਠ ਬਣਾਇਆ ਏ।
ਰਾਹ ਬਿਖੜੇ ਸਰ ਮੁਹਿੰਮ ਕਰਨੀ ਹਰਚੰਦ ਸਿੰਘਾ ਬਿਗਲ ਵਜਾਇਆ ਏ॥

## 22 ਹਾੜ 1819 ਈ: ਨੂੰ ਸ਼ੇਰੇ ਪੰਜਾਬ ਦਾ ਕੁੱਲ ਕਸ਼ਮੀਰ ਤੇ ਕਬਜ਼ਾ ਹੋਣਾ

2209 ਅੱਗਰ ਖ਼ਾਨ ਰਾਜੋੜੀ ਨੱਠ ਚੱਲਾ, ਕਿਲਾ ਪੁਣਸ ਦਾ ਲਿਆ ਸੀ ਘੇਰੇ ਸਿੰਘਾ।
ਜਬਰਦਸਤ ਖ਼ਾਨ ਨੂੰ ਫੜ ਉੱਥੇ, ਹੱਥ ਕਿਲੇ ਤੇ ਦਿੱਤਾ ਸੀ ਫੇਰ ਸਿੰਘਾ।
'ਸਰਾਏ ਇਲਾਹੀ' ਜ਼ਵਾਰ ਖਾਨ ਤਾਈਂ, ਦਿੱਤਾ ਜੜਾਂ ਤੋਂ ਜਾ ਉਖੇੜ ਸਿੰਘਾਂ।
ਕਿਲ੍ਹਾ ਸ਼ੇਰ ਗੜ੍ਹ ਤੇ ਕਰ ਕਬਜਾ, ਕਮ ਸਾਰਾ ਸੀ ਦਿੱਤਾ ਨਵੇੜ ਸਿੰਘਾ॥
2210 ਸ੍ਰੀ ਨਗਰ ਤੇ ਹਰੀ ਸਿੰਘ ਨਲੂਏ, ਸਿੱਖ ਰਾਜ ਦਾ ਝੰਡਾ ਝੂਲਾ ਦਿੱਤਾ।
ਅਫਗਾਨੀ ਕੁੱਟ ਪਹਾੜੋ ਪਾਰ ਕੀਤੇ, ਠਾਣਾ ਆਪਣਾ ਉਥੇ ਖੁਲ੍ਹਾ ਦਿੱਤਾ।
ਰਾਜ ਕੀਤਾ ਉੱਥੇ ਖਾਲਸੇ ਦਾ, ਸਿੱਖ ਰਾਜ ਦਾ ਸਿੱਕਾ ਚਲਾ ਦਿੱਤਾ।
ਹਰਚੰਦ ਸਿੰਘਾ ਹਿੰਦੂਆਂ ਹਵਨ ਕੀਤੇ, ਕਹਿੰਦੇ ਸਿੰਘਾਂ ਨੇ ਯੁੱਗ ਪਲਟਾ ਦਿੱਤਾ॥
2211 ਜਿੱਤਾਂ ਜਿੱਤ ਅੰਮ੍ਰਿਤਸਰ ਸਰਕਾਰ ਆਈ, ਆ ਕੇ ਗੁਰਾਂ ਦਾ ਸ਼ੁਕਰ ਗੁਜਾਰਿਆ ਏ।
ਤਿੰਨ ਦਿਨ ਹੋਈ ਸੀ ਦੀਪ ਮਾਲਾ, ਦਾਨ ਪੁੱਨ ਤੇ ਪੈਸਾ ਵਾਰਿਆ ਏ।
ਲਹੌਰ ਗਏ ਤੇ ਖ਼ੁਸੀ ਅਥਾਹ ਕੀਤੀ, ਭਲਵਾਨੀ ਗੇੜਾ ਬਜਾਰਾਂ ਵਿਚ ਮਾਰਿਆ ਏ।
ਕਸ਼ਮੀਰ, ਪਸ਼ੌਰ, ਮੁਲਤਾਨ ਤਾਈਂ, ਹਰਚੰਦ ਸਿੰਘਾ ਰਾਜ ਪਸਾਰਿਆ ਏ॥

## ਕਵੀਓ ਵਾਚ

2212 ਦਰਿਆ ਜ਼ੁਲਮ ਦਾ ਆਏ ਅਫਗਾਨ ਤੋਂ ਜੋ, ਲਾਇਆ ਸਿੰਘਾਂ ਨੇ ਉਸਨੂੰ ਬੰਨ੍ਹ ਮੀਆ।
ਪਿਛੇ ਵੱਲ ਨੂੰ ਉਹ ਚਲਾ ਦਿੱਤਾ, ਗਿਆ ਜੱਗ ਸਿੰਘਾ ਨੂੰ ਮੰਨ ਮੀਆਂ।
ਅੱਡੀ-ਚੋਟੀ ਦਾ ਲਾਇਆ ਜ਼ੋਰ ਉਨ੍ਹਾਂ, ਲਏ ਫੜ ਅਖੀਰ ਨੂੰ ਕੰਨ ਮੀਆਂ।
ਹਰਚੰਦ ਸਿੰਘਾ ਵੈਰੀ ਖਾਲਸੇ ਨੇ, ਦਿਤੇ ਵਾਂਗ ਅਖਰੋਟਾਂ ਦੇ ਭੰਨ ਮੀਆਂ॥

*(ਬਾਕੀ ਅਗਲੇ ਅੰਕ ਵਿਚ)*

49 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7
ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਸਪੈਸ਼ਲ ਸੇਲ !
www.dream-carpets.com
dream carpets
Shaw FLOORS
Ansonylon
STAINMASTER CARPET
ClearTouch
from $1.98 SF
Berber Installed
Textured Saxony Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From .78 cent
Berber
Starts From .78 cent
Area Rug (5x8)
Starts From $68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch

# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ , ਕੱਦ 5'9", ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ।ਸੰਪਰਕ-604-710-7593

***************

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇੰਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ।ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-832-2564

***************

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਟਲਾ ਬ੍ਰਿਟਿਸ਼ ਕੋਲੰਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ। ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ।

ਹੋਰ ਜਾਣਕਾਰੀ ਲਈ ਸੰਪਰਕ ਨੰਬਰ **604-347-5271**

***************

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ- 604-842-4990, +91-98550-00731 (ਸਿਰਫ ਵਟਸਐਪ)

***************

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੁਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆ' ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ। ਲੜਕੇ ਦੀਆਂ ਦੋ ਭੈਂਣਾ ਵਿੱਚੋ ਇਕ ਕੈਨੇਡਾ 'ਚ ਪੀ.ਆਰ. ਹੈ।

ਚਾਹਵਾਨ ਸਪੰਰਕ ਕਰੋ-ਫੋਨ ਨੰਬਰ 77837 89444

***************

ਜੱਟ ਸਿੱਖ ਬਰਾੜ ਲੜਕਾ ਕਨੇਡੀਅਨ ਸਿਟੀਜ਼ਨ, ਉਮਰ 28, ਕੱਦ 6' ਲਈ ਕੈਨੇਡੀਅਨ ਸਿਟੀਜ਼ਨ / ਵਿਜ਼ੀਟਰ / ਸਟੱਡੀ ਵੀਜ਼ਾ ਲੜਕੀ ਦੀ ਲੋੜ ਹੈ। ਵੈਨਕੋਵਰ ਅਤੇ ਕੈਲਗਰੀ ਨੂੰ ਪਹਿਲ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-818-5780

***************

ਜੱਟ ਪਰਿਵਾਰ ਦਾ ਲੜਕਾ ਉਮਰ 30 ਸਾਲ, ਕੱਦ 5'-8" ਨਸ਼ਾ ਰਹਿਤ, ਕਲੀਨ ਸ਼ੇਵ ਅਤੇ ਕਨੇਡੀਅਨ ਸਿੱਟੀਜ਼ਨ ਵਾਸਤੇ ਲੜਕੀ ਦੀ ਲੋੜ ਹੈ। ਪਰਿਵਾਰ ਕੈਨੇਡਾ ਵਿੱਚ ਵਧੀਆ ਸੈਟ ਹੈ। ਵਧੇਰੇ ਜਾਣਕਾਰੀ ਲਈ ਫੋਨ: 604-655-3336 ਜਾਂ

ਈਮੇਲ ਕਰੋ- happy9284@yahoo.com

***************

ਸ਼ਰਮਾ, ਕੈਨੇਡੀਅਨ ਸੀਟੀਜ਼ਨ 48 ਸਾਲਾਂ, 6 ਫੁੱਟ ਲੰਬੇ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ। ਤਲਾਕਸ਼ੁਦਾ, ਵਿਧਵਾ, ਬੱਚਿਆ ਦੇ ਨਾਲ, ਵਰਕ ਪਰਮਿਟ, ਵਿਜ਼ਟਰ ਵੀਜ਼ਾ ਵਾਲੇ ਵੀ ਸੰਪਰਕ ਕਰ ਸਕਦੇ ਹਨ। ਧਰਮ-ਜਾਤ ਦਾ ਕੋਈ ਬੰਧਨ ਨਹੀ।

ਫੋਨ ਨੰਬਰ-778-957-1670

***************

ਇੰਡੀਆ ਵਿਚ ਸਰਕਾਰੀ ਸਰਵਿਸ ਕਰ ਰਹੀ ਜੱਟ ਸਿੱਖ ਲੜਕੀ, ਜਨਮ 1987, ਕੱਦ 5'3", **Msc, MCA** ਲਈ ਇੰਡੀਆ ਵਿਚ ਸਰਕਾਰੀ ਨੌਕਰੀਸ਼ੁਦਾ (ਜ਼ਮੀਨ ਜਾਇਦਾਦ ਵਾਲੇ) ਜਾਂ ਕੈਨੇਡਾ, ਅਮਰੀਕਾ ਦੇ ਸਿਟੀਜ਼ਨ/ਪੀ.ਅਰ. ਲੜਕੇ ਦੀ ਲੋੜ ਹੈ। ਸੰਪਰਕ ਫੋਨ ਨੰਬਰ 236-881-7405

***************

27 ਸਾਲਾਂ 5'-7" ਵਰਕ ਪਰਮਿਟ 'ਤੇ ਆਏ ਲੜਕੇ ਲਈ ਪੀ.ਆਰ. ਜਾਂ ਸਟੂਡੈਂਟ ਲੜਕੀ ਦੀ ਲੋੜ ਹੈ।ਸੰਪਰਕ-604-763-3541.

## MATRIMONIALS

**ਲੜਕੇ ਦੀ ਲੋੜ**

20 ਸਾਲਾਂ ਤੋਂ ਬੀ ਸੀ ਵਿਚ ਰਹਿ ਰਹੇ ਜੱਟ ਸਿੱਖ ਪਰਿਵਾਰ (ਦੁਆਬਾ ਇਲਾਕਾ) ਨੂੰ ਆਪਣੀ ਕੈਨੇਡੀਅਨ ਸਿਟੀਜ਼ਨ ਬੇਟੀ, ਜਨਮ ਦਸੰਬਰ 1994, ਕੱਦ 5 ਫੁੱਟ 3 ਇੰਚ, BCIT ਤੋਂ 2 YEARS IT DIPLOMA Holder, ਜੌਬ ਕਰ ਰਹੀ ਲਈ, ਬੀ ਸੀ ਲੋਅਰ ਮੇਨਲੈਂਡ ਤੋਂ, ਪੀ ਆਰ ਜਾਂ ਸਿਟੀਜ਼ਨ, ਜੱਟ ਸਿੱਖ 26 ਤੋਂ 29 ਸਾਲਾਂ ਦੇ ਪੜ੍ਹੇ ਲਿਖੇ, ਵੈੱਲ ਸੈਟਲਡ ਅੰਮ੍ਰਿਤਧਾਰੀ ਜੀਵਣ ਸਾਥੀ ਦੀ ਲੋੜ ਹੈ। ੂਏਚਏਨਟ ਫਰੋਟੋ ਅਨਦ ਬੋਦਿਓਟਓ ਲਈ ਮਾਪਿਆਂ ਨਾਲ ਸੰਪਰਕ ਕਰੋ- ਵਟਸਐਪ ਅਤੇ ਕਾਲ : 778-801-9037 talwanld@hotmlal.ca

***************

ਜੱਟ ਸਿੱਖ ਕਨੇਡੀਅਨ ਸਿਟੀਜ਼ਨ **R.N.** ਹੌਸਪੀਟਲ ਵਿੱਚ ਜੌਬ ਕਰਦੀ ਲੜਕੀ ਉਮਰ 32 ਸਾਲ, ਕੱਦ 5 ਫੁੱਟ 6 ਇੰਚ, ਇਨੋਸੈਂਟਲੀ ਡਿਵੋਰਸੀ ਲਈ ਲੋਅਰ ਮੇਨਲੈਂਡ ਰਹਿੰਦੇ ਪੀ.ਆਰ. ਵੈਲ ਸੈਟਲ ਲੜਕੇ ਦੀ ਲੋੜ ਹੈ।

**Contact: 604-897-1298,**

**Whatsapp Number: 99-156-52029**

***************

ਜੱਟ ਸਿੱਖ ਪਰਿਵਾਰ ਦੀ 30 ਸਾਲਾਂ 5"-5" ਲੜਕੀ ਲਈ ਪੀ.ਆਰ. ਜਾਂ ਵਰਕ ਪਰਮਿਟ 'ਤੇ ਆਏ ਲੜਕੇ ਦੀ ਲੋੜ ਹੈ। ਲੜਕੀ ਹੈਲਥ ਕੇਅਰ ਅਸਿਸਟੈਂਟ ਵਜੋ ਕੰਮ ਕਰਦੀ ਹੈ। ਮਾਲਵਾ ਏਰੀਏ ਨੂੰ ਪਹਿਲ। ਸੰਪਰਕ- 604-781-9397

***************

34 ਸਾਲਾਂ 5'-3" **M.A. B.Ed.** ਨੈਨੀ ਵਰਕ ਪਰਮਿਟ 'ਤੇ ਕੈਨੇਡਾ ਰਹਿ ਰਹੀ ਸਿੱਖ ਲੜਕੀ ਲਈ ਪੀ.ਆਰ. ਲੜਕੇ ਦੀ ਲੋੜ ਹੈ।ਸੰਪਰਕ- 604-763-3541.

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਜੰਮਪਲ ਲੜਕਾ, ਉਮਰ 30 ਸਾਲ, ਕੱਦ 6'1", ਹੈਲਥ ਕੇਅਰ ਡਿਪਲੋਮਾ ਹੋਲਡਰ, ਆਪਣਾ ਫੈਮਿਲੀ ਬਿਜ਼ਨਸ, ਵੈੱਲ ਸੈਟਲਡ ਪਰਿਵਾਰ ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ. ਪਰਿਵਾਰਕ ਲੜਕੀ ਦੀ ਲੋੜ ਹੈ। ਸੰਪਰਕ- 604-618-1945

***************

**ਲੜਕੀ ਦੀ ਲੋੜ**

ਜੱਟ ਸਿੱਖ ਕੈਨੇਡੀਅਨ ਸਿਟੀਜ਼ਨ ਲੜਕਾ, 29 ਸਾਲਾਂ, ਕੱਦ 5 ਫੁੱਟ 7", ਕੈਨੇਡਾ ਪੋਸਟ 'ਚ ਫੁੱਲ ਟਾਇਮ ਜੌਬ ਕਰਦੇ, ਮੌਰਗੇਜ ਅਡਵਾਈਜ਼ਰ ਲਾਇਸੰਸ ਹੋਲਡਰ ਅਤੇ ਰਿਅਲ ਅਸਟੇਟ ਕੰਪਨੀ 'ਚ ਪਾਰਟ ਟਾਇਮ ਜੌਬ ਕਰਦੇ, ਨਸ਼ਿਆਂ ਤੋਂ ਰਹਿਤ, ਲੈਂਡਲੋਰਡ, ਅਰਬਨ ਪ੍ਰਾਪਰਟੀ ਅਤੇ ਐਗਰੀਕਲਚਰ ਲੈਂਡ ਦੇ ਮਾਲਕ, ਸਰੀ/ਡੈਲਟਾ 'ਚ ਆਪਣਾ ਘਰ, ਲਈ ਸੁਦੰਰ, ਸੋਬਰ, ਘਰੇਲੂ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਪੀ.ਆਰ ਨੂੰ ਪਹਿਲ। ਸੰਪਰਕ ਕਰੋ- 604-910-3500

***************

ਗੁਰਸਿੱਖ ਲੜਕਾ ਉਮਰ 34 ਸਾਲ ਕੱਦ 5'10" (ਵਰਕਪ੍ਰਮਟ) ਵਾਸਤੇ ਗੁਰਸਿੱਖ ਪੀ ਆਰ(ਢ) ਜਾਂ ਸਿਟਿਜ਼ਨ ਲੜਕੀ ਦੀ ਲੋੜ। ਸਪੰਰਕ:-778-903-0135

***************

ਇੰਡੀਆ ਵਿਚ ਧਰਡ ਬੈਂਕ ਵਿਚ ਸੇਲਜ਼ ਅਫਸਰ ਦੀ ਜੌਬ ਕਰ ਰਹੇ, ਇਲੈਕਟ੍ਰੋਨਿਕਸ ਐਂਡ ਕਮਿਊਨੀਕੇਸ਼ਨ ਡਿਗਰੀ ਹੋਲਡਰ, ਰਾਮਗੜ੍ਹੀਆ ਸਿੱਖ, ਨਸ਼ੇ-ਰਹਿਤ, 26 ਸਾਲਾ, ਕੱਦ 6'2" ਲੜਕੇ ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ./ਵਰਕ ਪਰਮਿਟ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦੇ ਤਾਏ ਦਾ ਪਰਿਵਾਰ ਸਰੀ ਵਿਚ ਸੈਟਲਡ ਹੈ। ਸੰਪਰਕ ਧੰਜਲ ਫੈਮਿਲੀ : 604-761-8454, 778-837-3502

***************

ਕੈਨੇਡੀਅਨ ਸਿਟੀਜ਼ਨ ਜੱਟ ਸਿੱਖ ਬਰਾੜ ਲੜਕੀ, ਉਮਰ 29 ਸਾਲ, ਕੱਦ 5'6", ਦੋ ਸਾਲਾ ਬਿਜ਼ਨਸ ਡਿਪਲੋਮਾ ਅਤੇ ਇਮੀਗਰੇਸ਼ਨ ਲਾਇਸੈਂਸ ਹੋਲਡਰ, ਇੰਸ਼ੋਰੈਂਸ ਅਡਵਾਈਜ਼ਰ ਲਈ ਯੋਗ ਵਰ ਦੀ ਲੋੜ ਹੈ। ਸੰਪਰਕ: 236-591-2719

## BUSINESS FOR SALE

ਮਾਲਕ ਦੇ ਰਿਟਾਇਰ ਹੋਣ ਕਰਕੇ ਚੰਗੀ ਤਰ੍ਹਾਂ ਸਥਾਪਿਤ Concrete Breaking ਅਤੇ Coring ਦਾ ਬਿਜ਼ਨਸ ਵਿਕਾਊ ਹੈ। ਅਸੀਂ ਤੁਹਾਨੂੰ ਟਰੇਨਿੰਗ ਵੀ ਦੇਵਾਂਗੇ।ਚੰਗੇ ਪੈਸੇ ਬਣਾਉਣ ਵਾਲੇ ਇਸ ਬਿਜ਼ਨਸ ਦੀ ਬਹੁਤ ਹੀ ਮੰਗ ਹੈ।ਸੰਪਰਕ ਕਰੋ: 604-250-7893

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ।

ਅੱਜ ਹੀ ਸੰਪਰਕ 604-307-7008

### ਇੰਸ਼ੋਰੈਂਸ ਸੇਵਾਵਾਂ

ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਦੀਆਂ ਸੇਵਾਵਾਂ ਲਈ ਸੰਪਰਕ ਕਰੋ 604-377-4085

### WORKER REQUIRED

**GALAXY IDP CONSTRUCTION LTD.**

**Full Time Hiring Workers**

Construction painter supervisor (2)

Insulator (2)

Painter (3)

Email: galaxyinsulationdrywall@gmail.com

**Phone: 604-366-6000**

**www.gidl.ca**

### ਲੜਕੀ ਦੀ ਲੋੜ

ਵਿਕਟੋਰੀਆ, (ਬੀ.ਸੀ.) ਵਿਚ ਵੈੱਲ ਸੈਟਲਡ ਅਰੋੜਾ ਪਰਿਵਾਰ ਦਾ ਲੜਕਾ, ਕੱਦ 5'5", **MBA (Canada)**, ਬੈਂਕ ਵਿੱਚ ਫਾਈਨੈਂਸ਼ਲ ਅਡਵਾਈਜ਼ਰ ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ।

ਵਟਸਅਪ ਨੰਬਰ 'ਤੇ ਸੰਪਰਕ ਕਰੋ: +91-88474-09314

### ਵਰ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਸੋਹਣੀ ਸੁਨੱਖੀ ਕੈਨੇਡਾ ਦੀ ਜੰਮਪਲ ਲੜਕੀ, ਉਮਰ 34 ਸਾਲ, ਕੱਦ 5'-6", ਲਾਅ ਡਿਗਰੀ, ਲਾਅ ਫਰਮ ਨਾਲ ਕੰਮ ਕਰ ਰਹੀ ਹੈ, ਲਈ ਢੁਕਵੇਂ ਵਰ ਦੀ ਲੋੜ ਹੈ। ਲੜਕਾ ਕੈਨੇਡਾ ਦਾ ਜੰਮਪਲ, ਪੇਸ਼ੇਵਰ ਤੌਰ 'ਤੇ ਪੜ੍ਹਿਆ-ਲਿਖਿਆ ਅਤੇ ਨੌਕਰੀ ਕਰਦਾ, ਵੈੱਲ ਸੈਟਲਡ ਅਤੇ ਜੱਟ ਸਿੱਖ ਪਰਿਵਾਰ ਵਿੱਚੋਂ ਹੋਣਾ ਚਾਹੀਦਾ ਹੈ। ਸੰਪਰਕ ਕਰੋ: 1-604-834-7232 ਜਾਂ 1-604-615-8088

### ਕੰਨਿਆਂ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦਾ ਕੈਨੇਡਾ ਜੰਮਪਲ ਸੁੰਦਰ ਲੜਕਾ, ਉਮਰ 29 ਸਾਲ, ਕੱਦ 5'-11" ਵੈੱਲ-ਸੈਟਲਡ, ਆਰਕੀਟੈਕਟ ਅਤੇ ਰੀਅਲ ਅਸਟੇਟ ਦਾ ਕਾਰੋਬਾਰ ਕਰ ਰਿਹਾ ਹੈ, ਲਈ ਕੰਨਿਆਂ ਦੀ ਲੋੜ ਹੈ। ਲੜਕੀ ਕੈਨੇਡੀਅਨ ਨਾਗਰਿਕ/ਪੀ.ਆਰ. ਅਤੇ ਪੇਸ਼ੇਵਰ ਤੌਰ 'ਤੇ ਪੜ੍ਹੀ-ਲਿਖੀ ਹੋਣੀ ਚਾਹੀਦੀ ਹੈ। ਸੰਪਰਕ ਕਰੋ: 1-604-832-7232 ਜਾਂ 1 - 604-615-8088

### ਵਰਕਰਾਂ ਦੀ ਲੋੜ

**S K FRAMING** ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜ਼ਰਬੇ ਦੀ ਕੋਈ ਲੋੜ ਨਹੀਂ । ਕੰਮ ਰਿਚਮੰਡ ਵਿਚ ਹੈ।ਸਰੀ ਤੋਂ ਰਾਈਡ ਦਾ ਪ੍ਰਬਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 ਤੇ ਸੰਪਰਕ ਕਰੋ।

### ਆਫਿਸ ਲਈ ਸਪੇਸ ਕਿਰਾਏ/ਲੀਜ਼ 'ਤੇ

500 ਫੁੱਟ ਤੋਂ 1000 ਸੁਕੁਏਅਰ ਫੁੱਟ, ਸਕੋਟ ਰੋਡ 'ਤੇ ਪਰਾਇਮ ਲੋਕੇਸ਼ਨ. ਹੋਰ ਜਾਣਕਾਰੀ ਲਈ ਕਾਲ- 604-339-2389

## ਬਾਲ ਕਹਾਣੀ ; ਕਬੂਤਰ ਤੇ ਸ਼ੇਰ



ਇੱਕ ਵਾਰ ਦੀ ਗੱਲ ਹੈ। ਇੱਕ ਜੰਗਲ ਸੀ। ਜੰਗਲ ਵਿੱਚ ਕਈ ਪੰਛੀ ਰਹਿੰਦੇ ਸਨ। ਉੱਥੇ ਸ਼ੇਰ ਵੀ ਰਹਿੰਦਾ ਸੀ।ਸ਼ੇਰ ਬਹੁਤ ਹੀ ਤਾਕਤਵਰ ਸੀ। ਸ਼ੇਰ ਦੀ ਗੁਫ਼ਾ ਦੇ ਕੋਲ ਇੱਕ ਦਰੱਖਤ ਸੀ। ਉੱਥੇ ਦੋ ਕਬੂਤਰ ਰਹਿੰਦੇ ਸਨ। ਉਹ ਦੋ ਕਬੂਤਰ ਇਕੱਠੇ ਰਹਿੰਦੇ ਸਨ। ਦੋਵੇਂ ਕਬੂਤਰ ਬਹੁਤ ਚੰਗੇ ਸਨ। ਇੱਕ ਵਾਰ ਸ਼ੇਰ ਨੂੰ ਬਹੁਤ ਗੁੱਸਾ ਆਇਆ। ਕਬੂਤਰ ਚੋਗਾ ਚੁਗ ਰਹੇ ਸਨ। ਉਹ ਕਬੂਤਰਾਂ ਨੂੰ ਖਾਣ ਲਈ ਦੌੜਿਆ। ਕਬੂਤਰਾਂ ਨੇ ਉਡਾਰੀ ਮਾਰੀ। ਕਬੂਤਰ ਪਹਾੜ ਤੋਂ ਦੂਰ ਚਲੇ ਗਏ। ਇਸ ਤਰ੍ਹਾਂ ਕਬੂਤਰਾਂ ਨੇ ਆਪਣੀ ਜਾਨ ਬਚਾ ਲਈ।

ਸਿੱਖਿਆ : ਇਸ ਕਹਾਣੀ ਤੋਂ ਇਹ ਸਿੱਖਿਆ ਮਿਲਦੀ ਹੈ ਕਿ ਸਾਨੂੰ ਖਤਰਨਾਕ ਜਾਨਵਰਾਂ ਤੋਂ ਦੂਰ ਰਹਿਣਾ ਚਾਹੀਦਾ ਹੈ।

**ਪ੍ਰਵੀਨ ਕੌਰ**

ਜਮਾਤ - ਤੀਸਰੀ , ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ , ਸੈਂਟਰ - ਢੇਰ , ਸਿੱਖਿਆ ਬਲਾਕ - ਸ੍ਰੀ ਅਨੰਦਪੁਰ ਸਾਹਿਬ , ਜ਼ਿਲ੍ਹਾ - ਰੂਪਨਗਰ ( ਪੰਜਾਬ ) ਜਮਾਤ ਇੰਚਾਰਜ ਅਤੇ ਗਾਈਡ ਅਧਿਆਪਕ ਮਾਸਟਰ ਸੰਜੀਵ ਧਰਮਾਣੀ ( ਪ੍ਰਸਿੱਧ ਲੇਖਕ - ਸ੍ਰੀ ਅਨੰਦਪੁਰ ਸਾਹਿਬ , ਪੰਜਾਬ )

## ਬਾਲ ਕਹਾਣੀ ; ਚਿੜੀ ਅਤੇ ਕਾਂ



ਇੱਕ ਵਾਰ ਦੀ ਗੱਲ ਹੈ। ਇੱਕ ਜੰਗਲ ਵਿੱਚ ਚਿੜੀ ਅਤੇ ਕਾਂ ਰਹਿੰਦੇ ਸਨ। ਕਾਂ ਨੂੰ ਬਹੁਤ ਭੁੱਖ ਲੱਗੀ। ਉਹ ਰੋਟੀ ਦੀ ਤਲਾਸ਼ ਵਿੱਚ ਇੱਧਰ - ਉੱਧਰ ਚਲਾ ਗਿਆ। ਚਿੜੀ ਕਹਿੰਦੀ ਕਿ ਮੈਂ ਆਪਣਾ ਆਲ੍ਹਣਾ ਬਣਾਉਣਾ ਹੈ। ਚਿੜੀ ਆਲ੍ਹਣਾ ਬਣਾਉਣ ਚਲੀ ਗਈ। ਉਹ ਜਦੋਂ ਆਲ੍ਹਣਾ ਬਣਾ ਕੇ ਆਈ ਤਾਂ ਉਸ ਨੇ ਦੇਖਿਆ ਕਿ ਉੱਥੇ ਕਾਂ ਨਹੀਂ ਹੈ। ਉਹ ਭੱਜੀ - ਭੱਜੀ ਕਾਂ ਦੇ ਆਲ੍ਹਣੇ ਕੋਲ ਗਈ। ਪਰ ਕਾਮ ਆਪਣੇ ਆਲ੍ਹਣੇ ਵਿੱਚ ਹੀ ਬੈਠਾ ਸੀ। ਚਿੜੀ ਨੇ ਕਾਂ ਨੂੰ ਕਿਹਾ ਕਿ ਤੂੰ ਮੈਨੂੰ ਦੱਸ ਕੇ ਨਹੀਂ ਗਿਆ। ਕਾਂ ਨੇ ਕਿਹਾ ਕਿ ਮੈਨੂੰ ਬਹੁਤ ਭੁੱਖ ਲੱਗੀ ਸੀ। ਇਸ ਲਈ ਮੈਂ ਰੋਟੀ ਖਾਣ ਲਈ ਆਪਣੇ ਆਲ੍ਹਣੇ ਵਿੱਚ ਆ ਗਿਆ ਸੀ। ਚਿੜੀ ਨੇ ਕਿਹਾ ਕਿ ਠੀਕ ਹੈ , ਪਰ ਅੱਗੇ ਨੂੰ ਦੱਸ ਕੇ ਜਾਇਆ ਕਰੋ।

ਇਸ ਕਹਾਣੀ ਤੋਂ ਸਿੱਖਿਆ ਮਿਲਦੀ ਹੈ ਕਿ ਸਾਨੂੰ ਆਪਣੇ ਮੰਮੀ - ਡੈਡੀ ਅਤੇ ਆਪਣੇ ਦੋਸਤਾਂ ਨੂੰ ਦੱਸ ਕੇ ਜਾਣਾ ਚਾਹੀਦਾ ਹੈ।

**ਨਵਦੀਪ ਕੌਰ**

ਜਮਾਤ - ਤੀਸਰੀ , ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ , ਸੈਂਟਰ - ਢੇਰ , ਸਿੱਖਿਆ ਬਲਾਕ - ਸ੍ਰੀ ਅਨੰਦਪੁਰ ਸਾਹਿਬ , ਜ਼ਿਲ੍ਹਾ - ਰੂਪਨਗਰ ( ਪੰਜਾਬ ) ਜਮਾਤ ਇੰਚਾਰਜ ਤੇ ਗਾਈਡ ਅਧਿਆਪਕ ਮਾਸਟਰ ਸੰਜੀਵ ਧਰਮਾਣੀ ( ਪ੍ਰਸਿੱਧ ਲੇਖਕ , ਸ੍ਰੀ ਅਨੰਦਪੁਰ ਸਾਹਿਬ , ਪੰਜਾਬ )

## ਬਾਲ ਰਚਨਾ : ਰੁੱਖ

ਸਾਨੂੰ ਧਰਤੀ 'ਤੇ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ। ਰੁੱਖਾਂ ਦੀ ਸੰਭਾਲ ਕਰਨੀ ਚਾਹੀਦੀ ਹੈ। ਸਾਨੂੰ ਪੌਦਿਆਂ ਨੂੰ ਪਾਣੀ ਪਾਉਣਾ ਚਾਹੀਦਾ ਹੈ। ਰੁੱਖਾਂ ਨੂੰ ਨੁਕਸਾਨ ਨਹੀਂ ਪਹੁੰਚਾਉਣਾ ਚਾਹੀਦਾ। ਰੁੱਖਾਂ 'ਤੇ ਪੰਛੀ ਰਹਿੰਦੇ ਹਨ। ਰੁੱਖਾਂ ਤੋਂ ਸਾਨੂੰ ਸਾਹ ਲੈਣ ਲਈ ਹਵਾ ਮਿਲਦੀ ਹੈ। ਕਈ ਲੋਕ ਰੁੱਖਾਂ ਨੂੰ ਪਾਣੀ ਨਹੀਂ ਪਾਉਂਦੇ। ਸਾਨੂੰ ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ। ਜੇਕਰ ਅਸੀਂ ਰੁੱਖ ਨਹੀਂ ਲਗਾਵਾਂਗੇ ਤਾਂ ਸਾਨੂੰ ਆਕਸੀਜਨ ਨਹੀਂ ਮਿਲੇਗੀ। ਸਾਨੂੰ ਸਾਹ ਲੈਣਾ ਔਖਾ ਹੋ ਜਾਏਗਾ। ਪੰਛੀ ਕਿੱਥੇ ਰਹਿਣਗੇ ? ਆਓ ! ਵੱਧ ਤੋਂ ਵੱਧ ਰੁੱਖ ਲਗਾਈਏ। ਰੁੱਖ ਸਾਡੇ ਵਾਤਾਵਰਨ ਨੂੰ ਸਾਫ਼ - ਸੁਥਰਾ ਰੱਖਦੇ ਹਨ। ਰੁੱਖਾਂ ਨਾਲ ਹਰਿਆਲੀ ਹੁੰਦੀ ਹੈ।



**ਅੰਜਲੀ**

ਜਮਾਤ - ਚੌਥੀ , ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ , ਸੈਂਟਰ - ਢੇਰ , ਸਿੱਖਿਆ ਬਲਾਕ - ਸ੍ਰੀ ਅਨੰਦਪੁਰ ਸਾਹਿਬ , ਜ਼ਿਲ੍ਹਾ - ਰੂਪਨਗਰ (ਪੰਜਾਬ) ਗਾਈਡ ਅਧਿਆਪਕ : ਮਾਸਟਰ ਸੰਜੀਵ ਧਰਮਾਣੀ (ਪ੍ਰਸਿੱਧ ਲੇਖਕ , ਸ੍ਰੀ ਅਨੰਦਪੁਰ ਸਾਹਿਬ ) ਪੰਜਾਬ

## ਜ਼ਿੰਦਗੀ ਕਦੋਂ ਜਿਉਣੀ ਹੈ ??

ਨਿੱਤ ਦੀ ਦੌੜ ਭੱਜ , ਫਿਕਰਾਂ ,ਤਲਖ਼ੀਆਂ ,ਜਿੰਮੇਵਾਰੀਆਂ ਰਿਸ਼ਤੇਦਾਰੀਆਂ, ਦਾਹਵੇਦਾਰੀਆਂ, ਖੱਜਲ ਖੁਆਰੀਆਂ, Future ਪਲੈਨਾਂ ਦੇ ਚੁੰਗਲਾਂ ਚੋ ਨਿੱਕਲ ਕੇ , ਸਾਗਰ ਕਿਨਾਰੇ ਕੁਦਰਤ ਦੀ ਗੋਦ ਚ ਬੈਠ , ਜਦ ਇੱਕ ਦੂਜੇ ਨਾਲ ਗੱਲ ਕਰਨ ਦਾ ਵਕਤ ਮਿਲਿਆ ਤਾਂ ਪਤਾ ਲੱਗਾ, ਬਾਈ ਸਾਲ ਗੁਜਰ ਗਏ ਹਨ!

ਢਲਦੇ ਸੂਰਜ ਦੀ ਟਿੱਕੀ, ਦੂਰ ਉੱਡਦੀ ਮਿੱਟੀ<br>
ਸ਼ਾਂਤ ਹੋ ਰਹੇ ਸਾਗਰ ਦੀ ਲਹਿਰ ,ਥੱਕੇ ਟੁੱਟੇ ਪੈਰ ,<br>
ਬੀਚ ਦਾ ਸਨਾਟਾ ,ਮਿੱਠਾ ਮਿੱਠਾ ਲਹਿਰਾਂ ਦਾ ਖੜਾਕਾ,<br>
ਘਰ ਨੂੰ ਮੁੜਦੇ ਪਰਿੰਦਿਆਂ ਦੀ ਡਾਰ,<br>
ਦੂਰ ਦਿਸਦੀ ਕਿਸ਼ਤੀ ਦੇ ਬਲਬ ਦੀ ਝਲਕਾਰ,<br>
ਮੇਰੇ ਹੱਥਾਂ ਚ ਖੇਲਦੀਆਂ ਓਹਦੀਆਂ ਉਂਗਲਾਂ ,<br>
ਬੱਗੇ ਹੋ ਰਹੇ ਵਾਲਾਂ ਦੀਆਂ ਗੁੰਝਲਾਂ,<br>
ਸਾਨੂੰ ਪੁੱਛ ਰਹੇ ਸਨ....<br>
ਜਿੰਦਗੀ ਕਦੋਂ ਜਿਉਣੀ ਹੈ ???????

ਸਾਡੇ ਦੋਹਾਂ ਕੋਲ, ਸੋਮਵਾਰ ਦੀ ਆ ਰਹੀ ਸਵੇਰ ਅਤੇ ਕੰਮ ਦੇ ਫਿਕਰਾਂ ਚ ਡੁੱਬਿਆਂ ਤੇ ਗੁਆਚਿਆਂ ਕੋਲ, ਕੋਈ ਜਵਾਬ ਨਹੀਂ ਸੀ।

—ਡਾਣਸੀਵਾਲ<br>
778 863 2472

NORTHCOAST LUMBER 1

CALL THE TRUE CONTRACTORS YARD TODAY
604-597-8884




*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks

14682 - 66th Ave, Surrey, BC, V3S 1Z9
Fax: 604-597-0854
www.lumber1.ca/contractor

METRO CONTRACTING LTD.

Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract




Residential & Commercial

Gurvinder Sanghera: 604-729-1435
Email: gsanghera77@gmail.com



ਸਿਹਤ ਸੰਭਾਲ

# ਚੱਕਰ ਆਸਣ ਨਾਲ ਕਬਜ਼ ਨੂੰ ਦੂਰ ਕਰੋ

ਅੱਜ ਕਬਜ਼ ਇਕ ਭਿਆਨਕ ਬਿਮਾਰੀ ਦੇ ਰੂਪ ਵਿਚ ਉੱਭਰੀ ਹੋਈ ਹੈ ਪਰ ਹਾਲੇ ਵੀ ਬਹੁਤੇ ਲੋਕ ਇਸ ਦੇ ਪ੍ਰਤੀ ਸੁਚੇਤ ਨਹੀਂ ਹਨ। ਜੋ ਲੋਕ ਕਬਜ਼ ਬਾਰੇ ਨਹੀਂ ਜਾਣਦੇ, ਉਨ੍ਹਾਂ ਨੂੰ ਇਸ ਸਬੰਧੀ ਜਾਣਨਾ ਜ਼ਰੂਰੀ ਹੈ ਅਤੇ ਜੋ ਇਸ ਬਾਰੇ ਪਹਿਲਾਂ ਹੀ ਜਾਣਦੇ ਹਨ ਅਤੇ ਫਿਰ ਵੀ ਇਸ ਦੀ ਅਣਦੇਖੀ ਕਰਦੇ ਹਨ, ਉਹ ਅਸਲ ਵਿਚ ਆਪਣੀ ਸਿਹਤ ਨਾਲ ਖਿਲਵਾੜ ਕਰਦੇ ਰਹਿੰਦੇ ਹਨ ਅਤੇ ਦੇਰ-ਸਵੇਰ ਉਨ੍ਹਾਂ ਨੂੰ ਇਸ ਦੇ ਭਿਆਨਕ ਨਤੀਜੇ ਭੁਗਤਣੇ ਪੈ ਸਕਦੇ ਹਨ।

ਮਲ ਜਦੋਂ ਅੰਤੜੀਆਂ ਨੂੰ ਫੜ ਲੈਂਦਾ ਹੈ ਅਰਥਾਤ ਉਨ੍ਹਾਂ ਦੀ ਸੁਭਾਵਿਕ ਕਿਰਿਆ ਵਿਚ ਰੁਕਾਵਟ ਪੈਦਾ ਕਰ ਦਿੰਦਾ ਹੈ ਤਾਂ ਉਸ ਸਥਿਤੀ ਨੂੰ ਕਬਜ਼ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਅਕਸਰ ਸਰੀਰ ਵਿਚ ਹੋਣ ਵਾਲੇ ਸਾਰੇ ਰੋਗਾਂ ਦੀ ਜੜ੍ਹ ਕਬਜ਼ ਹੀ ਹੈ। ਕਬਜ਼ ਕਾਰਨ ਵੱਡੀ ਅੰਤੜੀ ਵਿਚ ਖ਼ੁਰਾਕ ਦੇ ਦੇਰ ਤੱਕ ਰੁਕਣ ਅਤੇ ਸੜਦੇ ਰਹਿਣ 'ਤੇ ਉਸ ਵਿਚੋਂ ਬਦਬੂ ਵਾਲੀ ਗੈਸ ਨਿਕਲਦੀ ਰਹਿੰਦੀ ਹੈ।

ਇਹ ਗੈਸ ਸਰੀਰ ਲਈ ਬਹੁਤ ਨੁਕਸਾਨਦਾਇਕ ਹੁੰਦੀ ਹੈ। ਇਸ ਨਾਲ ਖ਼ੂਨ ਵਿਚ ਗਰਮੀ ਵਧ ਕੇ ਉਸ ਦੀ ਗਤੀ ਵਿਚ ਰੁਕਾਵਟ ਪੈਦਾ ਕਰਦੀ ਹੈ। ਇਸ ਦੇ ਨਤੀਜੇ ਹੌਲੀ-ਹੌਲੀ ਸਾਹਮਣੇ ਆਉਂਦੇ ਹਨ। ਅਕਸਰ ਲੋਕ ਕਬਜ਼ ਨੂੰ ਬਿਮਾਰੀਆਂ ਦੀ ਮਾਂ ਕਹਿੰਦੇ ਹਨ। ਕਬਜ਼ ਕਾਰਨ ਜੀਵਨ ਦਾ ਅਨੰਦ ਖ਼ਤਮ ਹੋ ਜਾਂਦਾ ਹੈ। ਇਸ ਦੇ ਕਾਰਨ ਅਜੀਰਨ, ਮੰਦਅਗਨੀ, ਸੰਗ੍ਰਹਿਣੀ, ਬਵਾਸੀਰ, ਭਗੰਦਰ, ਧਾਤੂ, ਦੁਰਬਲਤਾ, ਖ਼ੂਨ ਦਾ ਦਬਾਅ, ਦਮਾ, ਮਿਆਦੀ ਬੁਖਾਰ, ਪਾਇਰੀਆ, ਗੰਜਾਪਨ, ਮੋਟਾਪਾ, ਵਾਲਾਂ ਦਾ ਸਫੈਦ ਹੋਣਾ, ਅੱਖਾਂ ਦੀ ਨਜ਼ਰ ਦਾ ਕਮਜ਼ੋਰ ਹੋਣਾ ਆਦਿ ਅਨੇਕ ਤਰ੍ਹਾਂ ਦੇ ਰੋਗ ਪੈਦਾ ਹੁੰਦੇ ਹਨ।

ਕਬਜ਼ ਦੇ ਰੋਗੀ ਨੂੰ ਮੱਲ ਤਿਆਗਣ ਲਈ ਵਾਰ-ਵਾਰ ਜ਼ੋਰ ਲਗਾਉਣਾ ਪੈਂਦਾ ਹੈ, ਜਿਸ ਨਾਲ ਕਦੇ-ਕਦੇ ਹਰਨੀਆ ਵੀ ਹੋ ਸਕਦਾ ਹੈ। ਕਬਜ਼ ਨਾਲ ਪੇਟ ਵਿਚ ਬਹੁਤ ਵਿਕਾਰ ਪੈਦਾ ਹੋ ਜਾਂਦੇ ਹਨ। ਇਥੋਂ ਤੱਕ ਕਿ ਅਨੀਮੀਆ (ਖ਼ੂਨ ਦੀ ਕਮੀ) ਅਤੇ ਸਰੀਰ ਵਿਚ ਪਾਣੀ ਪੈ ਜਾਣ ਦਾ ਰੋਗ ਵੀ ਹੋ ਸਕਦਾ ਹੈ।

ਮੱਲ ਦਾ ਪਤਲਾ ਆਉਣਾ, ਖ਼ੁਸ਼ਕ ਆਉਣਾ, ਥੋੜ੍ਹੀ-ਥੋੜ੍ਹੀ ਮਾਤਰਾ ਵਿਚ ਵਾਰ-ਵਾਰ ਆਉਣਾ ਕਬਜ਼ ਦੇ ਹੀ ਰੂਪ ਹਨ। ਕਬਜ਼ ਹੋਣ ਦੇ ਕਈ ਕਾਰਨ ਹਨ ਪਰ ਖਾਣ-ਪੀਣ ਦੀ ਅਨਿਯਮਿਤਤਾ ਇਸ ਦਾ ਇਕ ਵਿਸ਼ੇਸ਼ ਕਾਰਨ ਹੈ। ਖਾਣ-ਪੀਣ ਦੀ ਅਨਿਯਮਿਤਤਾ ਦੇ ਕਾਰਨ ਹੀ ਪਖਾਨਾ ਨਿਸਚਿਤ ਸਮੇਂ 'ਤੇ ਨਹੀਂ ਆਉਂਦਾ ਜਾਂ ਘੱਟ ਆਉਂਦਾ ਜਾਂ ਬਿਲਕੁਲ ਨਾ ਆਉਣਾ ਸ਼ੁਰੂ ਹੋ ਜਾਂਦਾ ਹੈ। ਮੱਲ ਦਾ ਸਖ਼ਤ ਹੋਣਾ, ਮੱਲ ਤਿਆਗ ਵਿਚ ਮੁਸ਼ਕਿਲ, ਰੁਕ ਜਾਣਾ ਆਦਿ ਵੀ ਕਬਜ਼ ਦੇ ਹੀ ਅੰਤਰਗਤ ਆਉਂਦਾ ਹੈ। ਕਬਜ਼ ਦੇ ਕੁਝ ਵਿਸ਼ੇਸ਼ ਕਾਰਨ ਹੇਠ ਲਿਖੇ ਹਨ-

- **ਮਿਹਦੇ ਦੀ ਕਮਜ਼ੋਰੀ।**
- **ਰੇਚਕ ਦਵਾਈਆਂ ਦਾ ਨਤੀਜਾ।**
- **ਵਿਟਾਮਿਨਾਂ ਦੀ ਕਮੀ।**
- **ਮੱਲ-ਮੂਤਰ ਦੇ ਵੇਗਾਂ ਨੂੰ ਰੋਕਣਾ।**
- **ਸ਼ੁੱਧ ਹਵਾ ਦੀ ਕਮੀ।**
- **ਮਾਨਸਿਕ ਸਥਿਤੀ ਦਾ ਪ੍ਰਭਾਵ।**
- **ਸਰੀਰਕ ਕਸਰਤ ਦੀ ਕਮੀ।**
- **ਖਾਣ-ਪੀਣ ਦੀ ਅਨਿਯਮਿਤਾ।**

ਇਨ੍ਹਾਂ ਤੋਂ ਇਲਾਵਾ ਨੀਂਦ ਦੀ ਅਨਿਯਮਿਤਾ, ਘੱਟ ਪਾਣੀ ਪੀਣਾ ਆਦਿ ਕਾਰਨਾਂ ਕਰਕੇ ਵੀ ਕਬਜ਼ ਦੀ ਬਿਮਾਰੀ ਹੋ ਸਕਦੀ ਹੈ। ਕਬਜ਼ ਤੋਂ ਪੀੜਤ ਵਿਅਕਤੀਆਂ ਨੂੰ ਸਿਰਦਰਦ, ਅੰਗ ਵੇਦਨਾ, ਸਰੀਰ ਦਾ ਭਾਰੀ ਰਹਿਣਾ, ਪੈਰਾਂ ਵਿਚ ਦਰਦ, ਘਬਰਾਹਟ, ਗੈਸ ਚੜ੍ਹਨਾ, ਅੱਖਾਂ ਵਿਚ ਭਾਰੀਪਨ, ਦੰਦਾਂ 'ਤੇ ਮੈਲ ਦੀ ਪਰਤ ਜੰਮਣਾ ਆਦਿ ਲੱਛਣ ਦਿਖਾਈ ਦੇਣ ਲਗਦੇ ਹਨ। ਸੰਗ੍ਰਹਿਣੀ, ਪੇਚਿਸ਼ ਅਤੇ ਮੱਲ ਦਾ ਵਾਰ-ਵਾਰ ਆਉਣਾ ਵੀ ਕਬਜ਼ ਦੇ ਹੀ ਲੱਛਣ ਮੰਨੇ ਜਾਂਦੇ ਹਨ।

ਕਬਜ਼ ਤੋਂ ਛੁਟਕਾਰਾ ਪਾਉਣ ਲਈ ਚੱਕਰ ਆਸਣ ਰਾਮਬਾਣ ਦਵਾਈ ਹੈ, ਕਿਉਂਕਿ ਇਸ ਦਾ ਸਿੱਧਾ ਅਸਰ ਵੱਡੀ ਅੰਤੜੀ 'ਤੇ ਪੈਂਦਾ ਹੈ, ਜਿਸ ਨਾਲ ਅੰਤੜੀ ਦੇ ਅੰਦਰ ਦਾ ਸੜਿਆ, ਸਖ਼ਤ ਅਤੇ ਰੁਕਿਆ ਮੱਲ ਛੇਤੀ ਹੀ ਬਾਹਰ ਨਿਕਲ ਆਉਂਦਾ ਹੈ। ਚੱਕਰ ਆਸਣ ਕਰਨ ਨਾਲ ਕਬਜ਼ ਦੀ ਸ਼ਿਕਾਇਤ ਰਹਿ ਹੀ ਨਹੀਂ ਸਕਦੀ। ਇਸ ਨਾਲ ਸਰੀਰ ਵਿਚ ਲਚੀਲਾਪਣ ਆਉਂਦਾ ਹੈ ਅਤੇ ਮੁੜ ਜਵਾਨੀ ਦੀ ਪ੍ਰਾਪਤੀ ਹੁੰਦੀ ਹੈ। ਕਮਰ ਪਤਲੀ ਅਤੇ ਸੀਨਾ ਚੌੜਾ ਹੁੰਦਾ ਹੈ। ਇਹ ਆਸਣ ਨਾਚ ਕਲਾਕਾਰਾਂ ਲਈ ਅਦਭੁਤ ਦੇਣ ਹੈ।

ਆਸਣ ਦੀ ਵਿਧੀ : ਆਸਣ ਦੇ ਨਿਯਮਾਂ ਦਾ ਧਿਆਨ ਰੱਖਦੇ ਹੋਏ ਜ਼ਮੀਨ 'ਤੇ ਇਕ ਚਾਦਰ ਵਿਛਾ ਦਿਓ ਅਤੇ ਉਸ 'ਤੇ ਪਿੱਠ ਦੇ ਭਾਰ ਲੰਮੇ ਪੈ ਜਾਓ। ਪੂਰੇ ਸਰੀਰ ਨੂੰ ਸਿੱਧਾ ਰੱਖੋ। ਇਸ ਤੋਂ ਬਾਅਦ ਦੋਵੇਂ ਪੈਰਾਂ ਨੂੰ ਗੋਡਿਆਂ ਤੋਂ ਮੋੜ ਕੇ ਉਨ੍ਹਾਂ ਦੇ ਵਿਚ ਲਗਪਗ ਇਕ ਫੁੱਟ ਦੀ ਦੂਰੀ ਰੱਖਦੇ ਹੋਏ ਜਾਂਘਾਂ ਦੇ ਨੇੜੇ ਤੱਕ ਲਿਆਓ। ਇਸ ਤੋਂ ਬਾਅਦ ਹੱਥਾਂ ਨੂੰ ਕੂਹਣੀ ਵਾਲੇ ਹਿੱਸੇ ਤੋਂ ਮੋੜ ਕੇ ਉਲਟਾ ਕਰਦੇ ਹੋਏ ਮੋਢਿਆਂ ਦੇ ਕੋਲ ਰੱਖੋ। ਇਸ ਸਮੇਂ ਹੱਥਾਂ ਦੀਆਂ ਉਂਗਲੀਆਂ ਪੈਰਾਂ ਵੱਲ ਹੋਣੀਆਂ ਚਾਹੀਦੀਆਂ ਹਨ।

ਹੁਣ ਹੱਥਾਂ ਅਤੇ ਪੈਰਾਂ ਦੇ ਭਾਰ ਪੂਰੇ ਸਰੀਰ ਨੂੰ ਉੱਪਰ ਵੱਲ ਚੁੱਕੋ। ਨਜ਼ਰ ਸਾਹਮਣੇ ਰੱਖੋ। ਸਾਹ ਸਾਧਾਰਨ ਰੂਪ ਨਾਲ ਚੱਲਣ ਦਿਓ। ਕੁਝ ਦੇਰ ਇਸੇ ਸਥਿਤੀ ਵਿਚ ਰਹਿਣ ਤੋਂ ਬਾਅਦ ਵਾਪਸ ਪਹਿਲੀ ਸਥਿਤੀ ਵਿਚ ਆ ਜਾਓ। ਇਸ ਤਰ੍ਹਾਂ 5-7 ਵਾਰ ਤੱਕ ਰੋਜ਼ ਅਭਿਆਸ ਕਰ ਕੇ ਚੱਕਰ ਆਸਣ ਦੇ ਲਾਭ ਲਏ ਜਾ ਸਕਦੇ ਹਨ।




# ਜਾਨਲੇਵਾ ਹੈ ਸਰੀਰ 'ਚ ਪਾਣੀ ਦੀ ਕਮੀ

ਡਾ. ਵਿਜੈ ਵਰਮਾ

ਸਾਡੇ ਸਰੀਰ ਦੇ ਵਜ਼ਨ ਦਾ 70 ਫ਼ੀਸਦੀ ਹਿੱਸਾ ਪਾਣੀ ਹੈ। ਜ਼ਿਆਦਾਤਰ ਪਾਣੀ ਕੋਸ਼ਿਕਾਵਾਂ 'ਚ ਪਾਇਆ ਜਾਂਦਾ ਹੈ, ਬਾਕੀ ਲਹੂ ਵਹਿਣੀਆਂ ਜਾਂ ਕੋਸ਼ਿਕਾਵਾਂ ਦੇ ਵਿਚਕਾਰਲੇ ਸਥਾਨ 'ਚ ਭਰਿਆ ਹੁੰਦਾ ਹੈ, ਜਿਸ ਤੋਂ ਅਸੀਂ ਅੰਦਾਜ਼ਾ ਲਾ ਸਕਦੇ ਹਾਂ ਕਿ ਤੰਦਰੁਸਤ ਰਹਿਣ ਲਈ ਪਾਣੀ ਕਿੰਨਾ ਜ਼ਰੂਰੀ ਹੈ। ਜੇ ਸਰੀਰ 'ਚ ਪਾਣੀ ਦੀ ਕਮੀ ਹੋ ਜਾਵੇ ਤਾਂ ਉਸ ਡੀਹਾਈਡ੍ਰੇਸ਼ਨ ਜਾਂ ਨਿਰਜਲੀਕਰਨ ਕਿਹਾ ਜਾਂਦਾ ਹੈ। ਗਰਮੀ ਕਾਰਨ ਹੋਣ ਵਾਲੀ ਇਹ ਆਮ ਸਮੱਸਿਆ ਹੈ।



ਇਸ ਦਾ ਸਭ ਤੋਂ ਵੱਡਾ ਕਾਰਨ ਹੈ ਪਾਣੀ ਦੀ ਕਮੀ। ਗਰਮੀ 'ਚ ਜਦੋਂ ਅਸੀਂ ਘੱਟ ਪਾਣੀ ਪੀਂਦੇ ਹਾਂ ਤਾਂ ਇਹ ਸਮੱਸਿਆ ਪੈਦਾ ਹੁੰਦੀ ਹੈ। ਹੋਰ ਕਾਰਨਾਂ 'ਚ ਉਲਟੀਆਂ ਆਉਣਾ, ਦਸਤ, ਧੁੱਪ ਦਾ ਦੁਰਪ੍ਰਭਾਵ, ਲੋੜ ਤੋਂ ਵਧੇਰੇ ਕਸਰਤ, ਖਾਣ-ਪੀਣ ਦਾ ਸਹੀ ਸਮਾਂ ਨਾ ਹੋਣਾ ਸ਼ਾਮਿਲ ਹਨ। ਇਸ ਤੋਂ ਇਲਾਵਾ ਬੁਖ਼ਾਰ, ਹਾਈਪਰਟੈਂਸ਼ਨ, ਬਹੁਤ ਜ਼ਿਆਦਾ ਅਲਕੋਹਲ ਦਾ ਸੇਵਨ ਕਰਨਾ, ਹੈਜ਼ਾ, ਕੁਪੋਸ਼ਣ ਵਰਗੀਆਂ ਬਿਮਾਰੀਆਂ ਵੀ ਡੀਹਾਈਡ੍ਰੇਸ਼ਨ ਦਾ ਕਾਰਨ ਬਣਦੀਆਂ ਹਨ।

ਗਰਮੀ ਦੇ ਮੌਸਮ ਵਿਚ ਲੂ, ਡੀਹਾਈਡ੍ਰੇਸ਼ਨ ਤੇ ਸਨਸਟ੍ਰੋਕ ਦੀਆਂ ਸਮੱਸਿਆਵਾਂ ਤੋਂ ਲੋਕ ਵਧੇਰੇ ਪਰੇਸ਼ਾਨ ਰਹਿੰਦੇ ਹਨ। ਆਮ ਤੌਰ 'ਤੇ ਲੋਕ ਇਸ ਨੂੰ ਮਾਮੂਲੀ ਸਮੱਸਿਆ ਸਮਝਦੇ ਹਨ ਪਰ ਸਰੀਰ 'ਚ ਪਾਣੀ ਦੀ ਕਮੀ ਨਾਲ ਕਈ ਤਰ੍ਹਾਂ ਦੀਆਂ ਸਿਹਤ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ ਅਤੇ ਸਮੇਂ ਸਿਰ ਬਚਾਅ ਨਾ ਕਰਨ 'ਤੇ ਇਹ ਜਾਨਲੇਵਾ ਵੀ ਹੋ ਸਕਦਾ ਹੈ। ਇਸ ਤੋਂ ਬਚਾਅ ਲਈ ਉਪਾਅ ਬਿਲਕੁਲ ਸੌਖੇ ਹਨ ਪਰ ਇਸ ਨੂੰ ਅਸੀਂ ਅਣਗੌਲਿਆ ਕਰ ਦਿੰਦੇ ਹਾਂ ਅਤੇ ਫਿਰ ਗੰਭੀਰ ਸਮੱਸਿਆ ਹੋਣ 'ਤੇ ਡਾਕਟਰ ਕੋਲ ਜਾਣਾ ਪੈਂਦਾ ਹੈ। ਭੋਜਨ ਤੋਂ ਪ੍ਰਾਪਤ ਕੈਲੋਰੀਜ਼ ਨੂੰ ਜਜ਼ਬ ਕਰਨ ਵਿਚ ਪਾਣੀ ਦੀ ਅਹਿਮ ਭੂਮਿਕਾ ਹੁੰਦੀ ਹੈ। ਇਸ ਦੀ ਮਾਤਰਾ ਵਿਚ ਕਮੀ ਆਉਣ ਨਾਲ ਕੈਲੋਰੀਜ਼ ਨੂੰ ਜਜ਼ਬ ਕਰਨ ਲਈ ਲੋੜੀਂਦੀ ਮਾਤਰਾ ਵਿਚ ਪਾਣੀ ਨਹੀਂ ਮਿਲਦਾ, ਜਿਸ ਨਾਲ ਮੋਟਾਪਾ ਆਉਣ ਲੱਗਦਾ ਹੈ। ਸ਼ੂਗਰ ਰੋਗ ਤੋਂ ਪੀੜਤ ਵਿਅਕਤੀਆਂ ਦਾ ਵਧਿਆ ਹੋਇਆ ਖ਼ੂਨ ਵਿਚ ਸ਼ੂਗਰ ਦਾ ਪੱਧਰ ਸ਼ੂਗਰ ਨੂੰ ਪਿਸ਼ਾਬ ਰਾਹੀਂ ਬਾਹਰ ਕੱਢਦਾ ਹੈ। ਅਜਿਹਾ ਜ਼ਿਆਦਾ ਹੋਣ 'ਤੇ ਕਮਜ਼ੋਰੀ ਮਹਿਸੂਸ ਹੋਣ ਲੱਗਦੀ ਹੈ ਅਤੇ ਸਰੀਰ ਵਿਚ ਪਾਣੀ ਦੀ ਕਮੀ ਹੋ ਜਾਂਦੀ ਹੈ। ਵੈਸੇ ਵੀ ਸ਼ੂਗਰ ਦੇ ਮਰੀਜ਼ਾਂ ਨੂੰ ਪਾਣੀ ਦੀ ਵਧੇਰੇ ਲੋੜ ਹੁੰਦੀ ਹੈ।

## ਬਚਾਅ ਅਤੇ ਇਲਾਜ

ਸਭ ਤੋਂ ਪਹਿਲਾਂ ਸਰੀਰ ਵਿਚ ਪਾਣੀ ਦੀ ਕਮੀ ਨੂੰ ਦੂਰ ਕਰਨ ਲਈ ਪਾਣੀ ਅਤੇ ਖਣਿਜ ਦੀ ਪੂਰਤੀ ਕਰਨਾ ਜ਼ਰੂਰੀ ਹੈ, ਜਿਸ ਲਈ ਘਰੇਲੂ ਪੀਣ ਵਾਲੇ ਪਦਾਰਥ ਲਏ ਜਾ ਸਕਦੇ ਹਨ। ਕੱਚੇ ਦੁੱਧ ਦੀ ਪਤਲੀ ਲੱਸੀ, ਸ਼ਿਕੰਜਵੀ, ਨਾਰੀਅਲ ਪਾਣੀ, ਬੇਲ ਦਾ ਸ਼ਰਬਤ, ਲੱਸੀ, ਓਆਰਐੱਸ ਘੋਲ ਦਾ ਥੋੜ੍ਹੀ-ਥੋੜ੍ਹੀ ਦੇਰ ਬਾਅਦ ਸੇਵਨ ਕਰਦੇ ਰਹੋ। ਜ਼ਿਆਦਾ ਧੁੱਪ ਵਿਚ ਬਾਹਰ ਨਿਕਲਣ ਤੋਂ ਪਰਹੇਜ਼ ਕੀਤਾ ਜਾਵੇ। ਗੰਭੀਰ ਸਥਿਤੀ 'ਚ ਡਾਕਟਰੀ ਸਲਾਹ ਲਵੋ। ਪਾਣੀ ਜ਼ਿਆਦਾ ਪੀਓ, ਲੱਸੀ ਤੇ ਹੋਰ ਤਰਲ ਪਦਾਰਥ ਵਧੇਰੇ ਮਾਤਰਾ 'ਚ ਲਵੋ। ਧੁੱਪ ਵਿਚ ਜਾਣ ਤੋਂ ਪਰਹੇਜ਼ ਕੀਤਾ ਜਾਵੇ ਅਤੇ ਹਲਕੇ ਰੰਗਾਂ ਦੇ ਕੱਪੜੇ ਪਹਿਨੋ। ਕਿਸੇ ਵੀ ਤਰ੍ਹਾਂ ਦੀ ਐਮਰਜੈਂਸੀ ਸਥਿਤੀ ਵਿਚ ਡਾਕਟਰੀ ਸਲਾਹ ਲਵੋ।

# ਸੁਰਿੰਦਰ ਛਿੰਦਾ ਦੇ ਨਾਮ ਗੀਤ

ਕੁਲਵੀਰ ਸਿੰਘ ਡਾਨਸੀਵਾਲ



ਇੱਕ ਹੁੰਦਾ ਸੀ ਸ਼ਿਦਾ, ਸਭ ਨੂੰ ਹੁੱਬ ਕੇ ਦੱਸਣਗੇ
ਸ਼ਿੰਦਿਆ ਤੈਨੂੰ ਸਦਾ ਪੰਜਾਬੀ, ਚੇਤੇ ਰੱਖਣਗੇ

ਸ਼ਿੰਦਿਆ ਤੂੰ ਸੀ ਸੱਚੀਂ, ਛਿੰਦਾ ਪੁੱਤ ਪੰਜਾਬੀ ਦਾ
ਕਲਾਕਾਰ ਸੀ ਚੋਟੀ ਦਾ ਤੂੰ, ਬੋਲੀ ਸਾਡੀ ਦਾ
ਤੇਰੇ ਗਾਏ ਗੀਤਾਂ ਉੱਤੇ ਸਦਾ ਹੀ ਨਚਣਗੇ
ਸ਼ਿੰਦਿਆ ਤੈਨੂੰ ਸਦਾ ਪੰਜਾਬੀ ,ਚੇਤੇ ਰੱਖਣਗੇ

ਤੇਰੀਆਂ ਹੇਕਾਂ ਤੇਰੇ ਗਾਣੇ ਕਦੇ ਨਹੀਂ ਭੁੱਲਣੇ
ਗੀਤਾਂ ਉੱਤੇ ਭੰਗੜੇ ਪਾਣੇ ਕਦੇ ਨਹੀਂ ਭੁੱਲਣੇ
'ਪੁੱਤ ਜੱਟਾਂ ਦੇ' ਫਿਲਮ ਨੂੰ ਲੋਕੀਂ ਜਦ ਵੀ ਤੱਕਣਗੇ
ਸ਼ਿੰਦਿਆ ਤੈਨੂੰ ਸਦਾ ਪੰਜਾਬੀ ਚੇਤੇ ਰੱਖਣਗੇ

ਜਦੋਂ ਕਦੇ ਪੰਜਾਬੀ ਨਵਾਂ ਟਰੱਕ ਲਿਆਵਣਗੇ
ਗੀਤ ਟਰੱਕਾਂ ਵਾਲਾ ਤੇਰਾ ਸਦਾ ਹੀ ਲਾਵਣਗੇ
ਲੰਮਿਆਂ ਰੂਟਾਂ ਉੱਤੇ ਜਦ ਵੀ ਧੂੜਾਂ ਪੱਟਣਗੇ
ਸ਼ਿੰਦਿਆ ਤੈਨੂੰ ਸਦਾ ਪੰਜਾਬੀ ਚੇਤੇ ਰੱਖਣਗੇ

ਤੇਰਾ ਕੁੜਤਾ ਚੌੜਾ ਜੁੱਸਾ ਅੱਤ ਹੀ ਲਗਦਾ ਸੀ
ਡਾਣਸੀਵਾਲੀਆ ਧੂਵਾਂ ਚਾਦਰਾ ਵਾਹਲਾ ਫੱਬਦਾ ਸੀ
ਸਾਂਭ ਸਾਂਭ ਕੇ ਤੇਰੀ ਪੱਗ ਦੇ ਮੇਚੇ ਰੱਖਣਗੇ
ਸ਼ਿੰਦਿਆ ਤੈਨੂੰ ਸਦਾ ਪੰਜਾਬੀ ਚੇਤੇ ਰੱਖਣਗੇ

# ਤੂੰ ਛੱਡਦੇ ਫਿਕਰਾਂ ਨੂੰ

ਕੁਲਵੀਰ ਸਿੰਘ ਡਾਨਸੀਵਾਲ

ਰੱਬ ਹੀ ਜੱਗ ਚਲਾਵਣਹਾਰਾ,
ਪੱਥਰਾਂ ਵਿਚ ਖੁਆਵਣ ਵਾਲਾ
ਤੀਰ ਨਿਸ਼ਾਨੇ ਲਾਵਣ ਹਾਰਾ,
ਓਹਦੇ ਹੱਥ ਕਮਾਣ, ਤੂੰ ਛੱਡਦੇ ਫਿਕਰਾਂ ਨੂੰ
ਚਿੰਤਾ ਚਿਤਾ ਸਮਾਨ, ਤੂੰ ਛੱਡਦੇ ਫਿਕਰਾਂ ਨੂੰ

ਜੋ ਬਣਿਆ ਉਹ, ਇੱਕ ਦਿਨ ਢਹਿਣਾ
ਇਸ ਦੁਨੀਆ ਤੇ ਸਦਾ ਨੀ ਰਹਿਣਾ
ਸਭ ਕੁਝ ਛੱਡ ਕੇ ਜਾਣਾ ਪੈਣਾ
ਜਦ ਆਇਆ ਫਰਮਾਨ, ਤੂੰ ਛੱਡਦੇ ਫਿਕਰਾਂ ਨੂੰ
ਚਿੰਤਾ ਚਿਤਾ ਸਮਾਨ, ਤੂੰ ਛੱਡਦੇ ਫਿਕਰਾਂ ਨੂੰ

ਰੱਖ ਭਰੋਸਾ ਬੰਦਿਆ ਰੱਬ ਤੇ
ਕਾਹਨੂੰ ਨੱਚਦਾ ਫਿਰਦੈਂ ਅੱਗ ਤੇ
ਕਿਹੜੇ ਕੰਮ ਨੂੰ ਆਇਆ ਜੱਗ ਤ
ਭੁੱਲ ਗਿਆ ਅੱਜ ਇਨਸਾਨ, ਤੂੰ ਛੱਡਦੇ ਫਿਕਰਾਂ ਨੂੰ
ਚਿੰਤਾ ਚਿਤਾ ਸਮਾਨ, ਤੂੰ ਛੱਡਦੇ ਫਿਕਰਾਂ ਨੂੰ

ਬਿਨ ਓਹਦੇ ਨਾ ਪੱਤਾ ਹਿੱਲਦਾ
ਮਿਹਰ ਕਰੇ ਤਾਂ ਸਭ ਕੁਝ ਮਿਲਦਾ
ਡਾਣਸੀਵਾਲੀਆ ਓਹੀ ਹੋਣਾ
ਜੋ ਓਹਨੂੰ ਪਰਵਾਨ, ਤੂੰ ਛੱਡਦੇ ਫਿਕਰਾਂ ਨੂੰ
ਚਿੰਤਾ ਚਿਤਾ ਸਮਾਨ, ਤੂੰ ਛੱਡਦੇ ਫਿਕਰਾਂ ਨੂੰ






# ਬੱਚਿਆਂ ਨੂੰ ਵੀ ਹੁੰਦੀਆਂ ਹਨ ਦੰਦਾਂ ਦੀਆਂ ਬਿਮਾਰੀਆਂ

ਡਾ: ਅਜਮੇਰ ਰੂਪਰਾ





ਦੰਦਾਂ ਦਾ ਸਿਹਤ ਨਾਲ ਡੂੰਘਾ ਸੰਬੰਧ ਹੈ। ਦੰਦਾਂ ਦੇ ਰੋਗਗ੍ਰਸਤ ਹੋਣ ਨਾਲ ਸਿਹਤ ਵੀ ਪ੍ਰਭਾਵਿਤ ਹੁੰਦੀ ਹੈ। ਇਸ ਲਈ ਬੱਚਿਆਂ ਦੀ ਸਿਹਤ ਲਈ ਸਹੀ ਖਾਣ-ਪੀਣ ਤੋਂ ਵੱਧ ਦੰਦਾਂ ਦੀ ਸਹੀ ਦੇਖ-ਭਾਲ ਜ਼ਰੂਰੀ ਹੁੰਦੀ ਹੈ। ਸਹੀ ਦੇਖ-ਭਾਲ ਵੱਲ ਧਿਆਨ ਨਾ ਦੇਣ ਕਾਰਨ ਬੱਚਿਆਂ ਦੇ ਦੰਦਾਂ ਨੂੰ ਕੀੜਾ ਲੱਗ ਜਾਂਦਾ ਹੈ ਜੋ ਹੌਲੀ-ਹੌਲੀ ਦੰਦਾਂ ਨੂੰ ਨਸ਼ਟ ਕਰ ਦਿੰਦਾ ਹੈ। ਬਹੁਤੀਆਂ ਮਾਵਾਂ ਆਪਣੇ ਬੱਚਿਆਂ ਨੂੰ ਹੁਣ ਬੋਤਲ ਨਾਲ ਦੁੱਧ ਪਿਲਾਉਣ ਲੱਗ ਪਈਆਂ ਹਨ। ਇਸ ਨਾਲ ਦੰਦਾਂ ਨੂੰ ਕੀੜਾ ਲੱਗ ਸਕਦਾ ਹੈ। ਦੁੱਧ ਪਿਲਾਉਣ ਤੋਂ ਬਾਅਦ ਪਾਣੀ ਜ਼ਰੂਰ ਪਿਲਾਉਣਾ ਚਾਹੀਦਾ ਹੈ। ਬੱਚਿਆਂ ਨੂੰ ਬੋਤਲ ਦੀ ਬਜਾਏ ਚਮਚੇ ਜਾਂ ਕੌਲੀ ਨਾਲ ਦੁੱਧ ਪਿਲਾਉਣਾ ਠੀਕ ਰਹਿੰਦਾ ਹੈ। ਮਾਹਰਾਂ ਅਨੁਸਾਰ ਡੇਢ ਸਾਲ ਦੀ ਉਮਰ ਤੱਕ ਬੱਚੇ ਨੂੰ ਜ਼ਰੂਰ ਮਾਂ ਦਾ ਦੁੱਧ ਪਿਲਾਉਣਾ ਚਾਹੀਦਾ ਹੈ। ਇਸ ਨਾਲ ਦੰਦ ਅਤੇ ਜਬਾੜੇ ਚੰਗੀ ਤਰ੍ਹਾਂ ਵਿਕਸਿਤ ਹੁੰਦੇ ਹਨ ਅਤੇ ਛੇਤੀ ਰੋਗਗ੍ਰਸਤ ਨਹੀਂ ਹੁੰਦੇ। ਆਮ ਤੌਰ 'ਤੇ ਬੱਚਿਆਂ 'ਚ ਦੁੱਧ ਵਾਲੇ ਦੰਦ 6 ਮਹੀਨਿਆਂ 'ਚ ਆਉਣ ਲੱਗਦੇ ਹਨ ਅਤੇ 11-12 ਸਾਲ ਦੀ ਉਮਰ ਤੱਕ ਰਹਿੰਦੇ ਹਨ। ਇਸ ਦਰਮਿਆਨ 6 ਸਾਲ ਦੀ ਉਮਰ ਵਿਚ ਪੱਕੇ ਦੰਦ ਨਿਕਲਣ ਦੀ ਪ੍ਰਕਿਰਿਆ ਸ਼ੁਰੂ ਹੋ ਜਾਂਦੀ ਹੈ। ਸਭ ਤੋਂ ਪਹਿਲਾਂ ਇਕ ਪੱਕੀ ਦਾੜ ਨਿਕਲਦੀ ਹੈ। ਦੁੱਧ ਵਾਲੇ ਦੰਦ ਨਿਕਲਣ ਸਮੇਂ ਇਨ੍ਹਾਂ ਦੀ ਸਹੀ ਦੇਖ-ਭਾਲ ਕਰਨੀ ਜ਼ਰੂਰੀ ਹੁੰਦੀ ਹੈ। ਅਜਿਹਾ ਨਾ ਕਰਨ ਕਰਕੇ ਦੰਦ ਰੋਗਗ੍ਰਸਤ ਹੋ ਜਾਂਦੇ ਹਨ, ਜਿਨ੍ਹਾਂ ਦਾ ਸਰੀਰ ਦੇ ਕਈ ਹਿੱਸਿਆਂ 'ਤੇ ਮਾੜਾ ਪ੍ਰਭਾਵ ਪੈਂਦਾ ਹੈ। ਦੰਦਾਂ ਨੂੰ ਸਿਹਤਮੰਦ ਰੱਖਣ ਲਈ ਬੱਚਿਆਂ ਵੱਲ ਖਾਸ ਧਿਆਨ ਦੇਣਾ ਚਾਹੀਦਾ ਹੈ। ਸਵੇਰੇ ਜਾਗਣ ਅਤੇ ਰਾਤ ਨੂੰ ਸੌਣ ਤੋਂ ਪਹਿਲਾਂ ਦੰਦਾਂ ਨੂੰ ਬੁਰਸ਼ ਨਾਲ ਜ਼ਰੂਰ ਸਾਫ਼ ਕਰਵਾਓ। ਖਾਣਾ ਖਾਣ ਤੋਂ ਬਾਅਦ ਚੰਗੀ ਤਰ੍ਹਾਂ ਕੁਰਲੀ ਜ਼ਰੂਰ ਕਰਾਉਣੀ ਚਾਹੀਦੀ ਹੈ। ਮਿੱਠੀਆਂ ਚੀਜ਼ਾਂ ਜ਼ਿਆਦਾ ਨਹੀਂ ਖਿਲਾਉਣੀਆਂ ਚਾਹੀਦੀਆਂ ਹਨ। ਇਸ ਨਾਲ ਦੰਦਾਂ ਨੂੰ ਕੀੜਾ ਲੱਗ ਸਕਦਾ ਹੈ। ਬੱਚਿਆਂ ਨੂੰ ਪੌਸ਼ਟਿਕ ਖੁਰਾਕ ਕਾਫੀ ਮਾਤਰਾ ਵਿਚ ਖਿਲਾਉਣੀ ਚਾਹੀਦੀ ਹੈ। ਸਾਲ 'ਚ ਇਕ ਵਾਰ ਕਿਸੇ ਵੀ ਮਾਹਰ ਦੰਦਾਂ ਵਾਲੇ ਡਾਕਟਰ ਤੋਂ ਦੰਦਾਂ ਦੀ ਜਾਂਚ ਕਰਵਾਉਣੀ ਚਾਹੀਦੀ ਹੈ। ਬੱਚਿਆਂ ਨੂੰ ਚਾਕਲੇਟ ਆਦਿ ਮਿੱਠੀਆਂ ਚੀਜ਼ਾਂ ਵਾਰ-ਵਾਰ ਨਹੀਂ ਖਵਾਉਣੀਆਂ ਚਾਹੀਦੀਆਂ। ਇਸ ਨਾਲ ਉਨ੍ਹਾਂ ਦੇ ਦੰਦ ਰੋਗਗ੍ਰਸਤ ਹੋ ਜਾਂਦੇ ਹਨ। ਮਿੱਠੀਆਂ ਚੀਜ਼ਾਂ ਵਾਰ-ਵਾਰ ਖਾਣ ਨਾਲ ਮੂੰਹ 'ਚ ਕੀਟਾਣੂ ਜ਼ਿਆਦਾ ਐਸਿਡ ਪੈਦਾ ਕਰਦੇ ਹਨ ਜੋ ਦੰਦਾਂ ਨੂੰ ਪ੍ਰਭਾਵਿਤ ਕਰਦਾ ਹੈ। ਜ਼ਿਆਦਾ ਮਿੱਠੀਆਂ ਚੀਜ਼ਾਂ ਖਾਣ ਨਾਲ ਲਾਰ ਦੀ ਸਮਰੱਥਾ ਘੱਟ ਹੋ ਜਾਂਦੀ ਹੈ, ਜਿਸ ਕਾਰਨ ਅਕਲ ਦਾ ਦੰਦਾਂ 'ਤੇ ਮਾੜਾ ਪ੍ਰਭਾਵ ਪੈਣ ਲੱਗਦਾ ਹੈ। ਗਰਭਵਤੀ ਔਰਤਾਂ ਵਲੋਂ ਖਾਧੀ ਗਈ ਖੁਰਾਕ ਦਾ ਅਸਰ ਪੈਦਾ ਹੋਣ ਵਾਲੇ ਬੱਚੇ 'ਤੇ ਪੈਂਦਾ ਹੈ। ਇਸ ਲਈ ਗਰਭਵਤੀ ਔਰਤਾਂ ਨੂੰ ਪ੍ਰੋਟੀਨ, ਵਿਟਾਮਿਨ ਅਤੇ ਕੈਲਸ਼ੀਅਮ ਭਰਪੂਰ ਸੰਤੁਲਿਤ ਖੁਰਾਕ ਪੂਰੀ ਮਾਤਰਾ ਵਿਚ ਖਾਣੀ ਚਾਹੀਦੀ ਹੈ।

**ਆਮ ਤੌਰ 'ਤੇ ਬੱਚਿਆਂ 'ਚ ਦੁੱਧ ਵਾਲੇ ਦੰਦ 6 ਮਹੀਨਿਆਂ 'ਚ ਆਉਣ ਲੱਗਦੇ ਹਨ ਅਤੇ 11-12 ਸਾਲ ਦੀ ਉਮਰ ਤੱਕ ਰਹਿੰਦੇ ਹਨ। ਇਸ ਦਰਮਿਆਨ 6 ਸਾਲ ਦੀ ਉਮਰ ਵਿਚ ਪੱਕੇ ਦੰਦ ਨਿਕਲਣ ਦੀ ਪ੍ਰਕਿਰਿਆ ਸ਼ੁਰੂ ਹੋ ਜਾਂਦੀ ਹੈ। ਸਭ ਤੋਂ ਪਹਿਲਾਂ ਇਕ ਪੱਕੀ ਦਾੜ ਨਿਕਲਦੀ ਹੈ। ਦੁੱਧ ਵਾਲੇ ਦੰਦ ਨਿਕਲਣ ਸਮੇਂ ਇਨ੍ਹਾਂ ਦੀ ਸਹੀ ਦੇਖ-ਭਾਲ ਕਰਨੀ ਜ਼ਰੂਰੀ ਹੁੰਦੀ ਹੈ। ਅਜਿਹਾ ਨਾ ਕਰਨ ਕਰਕੇ ਦੰਦ ਰੋਗਗ੍ਰਸਤ ਹੋ ਜਾਂਦੇ ਹਨ, ਜਿਨ੍ਹਾਂ ਦਾ ਸਰੀਰ ਦੇ ਕਈ ਹਿੱਸਿਆਂ 'ਤੇ ਮਾੜਾ ਪ੍ਰਭਾਵ ਪੈਂਦਾ ਹੈ।**

## ਸਾਵਧਾਨੀਆਂ

ਮਾਤਾ-ਪਿਤਾ ਨੂੰ ਚਾਹੀਦਾ ਹੈ ਕਿ ਆਪਣੇ ਬੱਚੇ ਨੂੰ ਉਸ ਸਮੇਂ ਕੈਲਸ਼ੀਅਮ ਭਰਪੂਰ ਖੁਰਾਕ ਪੂਰੀ ਮਾਤਰਾ ਵਿਚ ਦੇਣ ਜਦੋਂ ਬੱਚੇ ਦੇ ਦੰਦ ਨਿਕਲ ਰਹੇ ਹੋਣ। ਖੁਰਾਕ 'ਚ ਕੈਲਸ਼ੀਅਮ ਦੀ ਘਾਟ ਹੋਣ 'ਤੇ ਦੰਦ ਕਮਜ਼ੋਰ ਹੋ ਸਕਦੇ ਹਨ। ਦੁੱਧ ਅਤੇ ਫਲ ਕੈਲਸ਼ੀਅਮ ਦੇ ਚੰਗੇ ਸਰੋਤ ਹਨ। ਇਸ ਲਈ ਇਨ੍ਹਾਂ ਨੂੰ ਖੁਰਾਕ ਵਿਚ ਜ਼ਰੂਰੀ ਖਵਾਓ। ਵੈਸੇ ਤਾਂ ਡੱਬਾਬੰਦ ਦੁੱਧ ਦੇ ਪਾਊਡਰ ਵਿਚ ਕੈਲਸ਼ੀਅਮ ਸਹੀ ਮਾਤਰਾ ਵਿਚ ਹੁੰਦਾ ਹੈ ਪਰ ਬੱਚੇ ਲਈ ਮਾਂ ਦਾ ਦੁੱਧ ਸਰਬੋਤਮ ਖੁਰਾਕ ਹੈ। ਇਸ ਲਈ ਬੱਚੇ ਨੂੰ ਮਾਵਾਂ ਨੂੰ ਦੁੱਧ ਪਿਆਉਣ ਤੋਂ ਕਦੀ ਵੀ ਆਨਾ-ਕਾਨੀ ਨਹੀਂ ਕਰਨੀ ਚਾਹੀਦੀ। ਉਸ ਨੂੰ ਗਾਂ ਦਾ ਦੁੱਧ ਪਿਲਾਇਆ ਜਾ ਸਕਦਾ ਹੈ। ਦੁੱਧ ਵਾਲੇ ਦੰਦ ਡਿਗਣ ਤੋਂ ਬਾਅਦ ਪੱਕੇ ਦੰਦ ਨਿਕਲਦੇ ਹਨ। ਇਸ ਸਮੇਂ ਸੁਚੇਤ ਰਹਿਣਾ ਜ਼ਰੂਰੀ ਹੁੰਦਾ ਹੈ। ਕਦੀ-ਕਦੀ ਦੁੱਧ ਵਾਲੇ ਦੰਦ ਡਿਗ ਜਾਣ ਤੋਂ ਬਾਅਦ ਪੱਕੇ ਦੰਦ ਦੇਰ ਨਾਲ ਨਿਕਲਦੇ ਹਨ। ਇਸ ਸਮੇਂ ਉਥੇ ਤਾਰ ਲਗਾ ਕੇ ਉਸ ਜਗ੍ਹਾ ਨੂੰ ਬਚਾਉਣਾ ਜ਼ਰੂਰੀ ਹੁੰਦਾ ਹੈ, ਨਹੀਂ ਤਾਂ ਨਿਕਲਣ ਵਾਲੇ ਦੰਦ ਲਈ ਸਹੀ ਜਗ੍ਹਾ ਨਹੀਂ ਬਚਦੀ ਅਤੇ ਦੰਦ ਟੇਢੇ-ਮੇਢੇ ਹੋ ਜਾਂਦੇ ਹਨ। ਬੱਚਿਆਂ ਨੂੰ ਮਿੱਠੀਆਂ ਚੀਜ਼ਾਂ ਜ਼ਿਆਦਾ ਖਾਣ ਲਈ ਨਾ ਦਿਓ। ਮਿੱਠੀਆਂ ਚੀਜ਼ਾਂ ਖਿਲਾਉਣ ਤੋਂ ਬਾਅਦ ਥੋੜ੍ਹਾ ਜਿਹਾ ਪਾਣੀ ਜ਼ਰੂਰ ਪਿਲਾਓ। ਇਸ ਨਾਲ ਬੱਚੇ ਦੇ ਦੰਦ 'ਚ ਕੀੜਾ ਨਹੀਂ ਲੱਗੇਗਾ। ਜੇਕਰ ਦੰਦ ਤੰਦਰੁਸਤ ਰਹਿਣਗੇ ਤਾਂ ਬੱਚਾ ਵੀ ਸਿਹਤਮੰਦ ਰਹੇਗਾ।


# ਸ਼ੋਰ ਸਾਈਡ ਫਿਸ਼ ਕੈਨਰੀ



ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118
FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

# Gold Key INSURANCE

**Number 1 in the Community for 25 Years.**

Explore Your Options

## Home | Condo | Rental | Tenants
## Business | CGL Liability | Property
## Trucking | Cargo | Fleet |Equipment
## Construction | Contractor | Farm
## Travel | Super Visa | Medical
## Auto | Marine | Motorcycle
## and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

# TEL : 604 502 0441

ICBC Online and Delivery available.

ਪੰਜਾਬੀ

हिंदी

| | | | |
|---|---|---|---|
| **SURREY** | 5-8430 128TH ST. | MON-FRI | 8 AM - 8 PM |
| **(604) 502 - 0441** | SURREY, BC | SATURDAY | 9 AM - 6 PM |
| FAX (604) 502-0417 | V3W 4G3 | SUNDAY | 9 AM - 5 PM |
| **VANCOUVER** | 4038 KNIGHT ST. | MON-FRI | 9 AM - 8 PM |
| **(604) 325 - 1241** | VANCOUVER, BC | SATURDAY | 9 AM - 5 PM |
| FAX (604) 325-1414 | V5N 5Y7 | SUNDAY | 9 AM - 5 PM |

ICBC autoplan

**OPEN 7 DAYS**

www.goldkeyinsurance.ca


fruiticana hee jaana!
Your one and only Punjabi neighbourhood store
ਤੁਹਾਡਾ ਅਪਣਾ ਇੱਕੋ ਇੱਕ ਪੰਜਾਬੀ ਨੇਬਰਹੁੱਡ ਸਟੋਰ
LOWEST PRICES IN TOWN
EXTRA EXTRA SUPER SPECIAL
Yellow Onions 50 lbs
ਪੀਲੇ ਗੰਢੇ
YELLOW ONIONS
$20.98 bag
EXTRA SUPER SUPER SPECIAL
Jumbo Size Cauliflower
ਵੱਡਾ ਗੋਬੀ ਦਾ ਫੁੱਲ
$2.48 ea.
Rapini (Sarson da Saag)
ਸਰਸੋਂ ਦਾ ਸਾਗ
$2.49 bunch
SUPER SPECIAL
Cherries
ਚੈਰੀਆਂ
$1.99 lb
SUPER SUPER SPECIAL
Red Onions 25 lbs
ਲਾਲ ਗੰਢੇ
RED ONIONS
$18.99 bag
SUPER SPECIAL
Okra Extra Fancy
ਭਿੰਡੀ ਐਕਸਟਰਾ ਫੈਂਸੀ
$2.89 lb
Black Chana, Chana Dal & Red Lentil Whole, Red Lentil Split 4 lbs (Indican)
ਕਾਲੇ ਛੋਲੇ, ਚਨੇ ਦੀ ਦਾਲ, ਮਸਰਾਂ ਦੀ ਸਾਬਤ ਦਾਲ, ਧੋਤੀ ਮਸਰਾਂ ਦੀ ਦਾਲ (ਇੰਡੀਕੈਨ)
$3.98 bag
Red Lentil Whole
ਮਸਰਾ ਦੀ ਸਾਬਤ ਦਾਲ
98¢ lb
SUPER SPECIAL
Cilantro
ਧਣੀਆ
2 bunches for 99¢
SUPER SPECIAL
Seedless Watermelons
ਬਿਨਾਂ ਬੀਜ ਹਦਵਾਣਾ
79¢ lb
SUPER SPECIAL
Daikon (Moli) BC
ਮੂਲੀ ਬੀਸੀ
99¢ lb
Chickpeas
ਚਿੱਟੇ ਛੋਲੇ
99¢ lb
Vidhya Pani Puri (Gol Gappa) 260 g
ਵਿਧਿਆ ਪਾਣੀ ਪੂਰੀ ਗੋਲਗੱਪੇ
$5.99 pkg.
Broccoli Crown
ਬਰੌਕਲੀ ਕਰਾਉਨ
$1.49 lb
Red, Yellow & Orange Peppers BC
ਸ਼ਿਮਲਾ ਮਿਰਚਾਂ (ਲਾਲ, ਪੀਲੀਆਂ ਅਤੇ ਸੰਤਰੀ) ਬੀਸੀ
99¢ lb
Corn on the Cob BC
ਬੀ. ਸੀ ਮਕਈ
2 for $1.50
Almond Oil 1 L (Indican)
ਇੰਡੀਕੈਨ ਬਦਾਮ ਦਾ ਤੇਲ
$12.99 bottle
Indican Assam Tea 216's
ਇੰਡੀਕੈਂਨ ਅਸਾਮ ਚਾਹ
$7.99 box
English Cucumbers BC
ਇੰਗਲਿਸ਼ ਖੀਰੇ ਬੀਸੀ
2 for $1.50
Red Delicious Apples USA #1
ਲਾਲ ਸਵਾਦ ਸੇਬ ਯੂ.ਐਸ. #੧
99¢ lb
Gala Apples
ਗਾਲਾ ਸੇਬ
$1.49 lb
Almonds #1
ਬਦਾਮ
$3.98 lb
Rooh Afza Indian 750 ml
ਰੂਹ ਅਫਜ਼ਾ
$3.99 bottle
Pink Lady Apples
ਪੀਂਕ ਲੇਡੀ ਐਪਲ
99¢ lb
Green Beans BC
ਹਰੀਆਂ ਫਲੀਆਂ ਬੀਸੀ
$1.99 lb
Opo Squash (Long)
ਓਪੋ ਕੱਦੂ
98¢ lb
Zucchini Squash
ਜ਼ੁਕੀਨੀ ਸਕੁਐਸ਼
99¢ lb
Green Cardamom (Elaichi) IBG
ਹਰੀ ਇਲਾਇਚੀ
$13.99 lb
Thur July 27, 2023 - Wed Aug 02, 2023
We reserve the right to limit the quantities while they last
Specials valid for Lower Mainland only
Product images may differ from the actual product.
22 LOCATIONS TO SERVE YOU
Head Office: 7676 Anvil Way, Surrey
604-502-0005
www.fruiticana.com
fruiticana SINCE 1994
BUSINESS HOURS 9AM - 9PM 7 DAYS A WEEK
Newton 13783 72nd Ave. Surrey 604-590-2080
Newton 13174 64th Ave. Surrey 604-598-9220
Scott Road 12047 80th Ave. Surrey 604-591-5032
Scott Road 104-7028 120th St. 604-590-8864
Cedar Hills 12867 96th Ave. Surrey 604-588-6620
Fleetwood 101-15933 Fraser Hwy 604-593-5163
Fleetwood 15230 84 Ave. 236-317-6272
Surrey 12990 72nd Ave. 604-503-5510
Surrey 12788 76A Ave. Surrey 604-597-1676
Surrey 16788 64 Ave. 604-372-2023
Surrey 101-7228 192St. 604-575-3750
New Westminster 101-331 6th St. 604-395-3595
Abbotsford 2785 Bourquin Crescent W. 604-744-0328
Abbotsford 31205 Maclure Rd. 604-504-5877
Port Coquitlam 2807 Shaughnessy St. 604-464-0822
Vancouver 6257 Fraser St. 604-321-9931
Richmond 4101 No.5 Rd. 604-244-9520